ਦੇਸ਼-ਵਿਦੇਸ਼ ਤੋਂ ਪੱਤਰਕਾਰਾਂ ਦੀ ਲੋੜ
90416 59160

ਰੋਜ਼ਾਨਾ ਇਨਕਲਾਬੀ ਸੋਚ ਨੂੰ ਸਮਰਪਿਤ

# ਸਟਿੰਗ ਆਪ੍ਰੇਸ਼ਨ (ਜਲੰਧਰ)

Postal Regd. No. PB/JL-067/2024-26

RNI Regd. No. PUN/MUL/2012/47956

www.stingoperation.us
E-mail : stingnews24@gmail.com

Visit on facebook
Like us on Facebook
www.facebook.com/Sting Operation
WhatsApp No. : 90416-59160

ਮੁੱਖ ਸੰਪਾਦਕ
ਸੁਦੇਸ਼ ਕੁਮਾਰ ਬੰਗਾ

ਜਲੰਧਰ • ਵੀਰਵਾਰ, 2 ਮਈ 2024

ਸਾਲ : 13, ਅੰਕ 78, Ph. 0181-7967771 (Landline) Mob. : 90416-59160 , 94177-17088




## ਸਲਮਾਨ ਖਾਨ ਦੇ ਘਰ ਦੇ ਸਾਹਮਣੇ ਫਾਇਰਿੰਗ ਕਰਨ ਵਾਲੇ ਦੋਸ਼ੀ ਨੇ ਜੇਲ੍ਹ ’ਚ ਕੀਤੀ ਖ਼ੁਦਕੁਸ਼ੀ

**ਮੁੰਬਈ, 1 ਮਈ (ਸਟਿੰਗ ਆਪ੍ਰੇਸ਼ਨ ਬਿਊਰੋ)**-ਬਾਲੀਵੁੱਡ ਸਟਾਰ ਸਲਮਾਨ ਖਾਨ ਦੇ ਬਾਂਦਰਾ ਸਥਿਤ ਘਰ ਦੇ ਸਾਹਮਣੇ ਫਾਇਰਿੰਗ ਕਰਨ ਵਾਲੇ ਇਕ ਦੋਸ਼ੀ ਨੇ ਮੁੰਬਈ ਪੁਲਸ ਦੀ ਅਪਰਾਧ ਸ਼ਾਖਾ ਦੀ ਜੇਲ੍ਹ ’ਚ ਬੁੱਧਵਾਰ ਨੂੰ ਖ਼ੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ ਅਤੇ ਹਸਪਤਾਲ ਲਿਜਾਂਦੇ ਸਮੇਂ ਉਸ ਦੀ ਮੌਤ ਹੋ ਗਈ। ਇਕ ਅਧਿਕਾਰੀ ਨੇ ਇਹ ਜਾਣਕਾਰੀ ਦਿੱਤੀ। ਅਧਿਕਾਰੀ ਨੇ ਦੱਸਿਆ ਕਿ ਦੋਸ਼ੀ 23 ਸਾਲਾ ਅਨੁਜ ਥਾਪਨ ਨੇ ਜੇਲ੍ਹ ਦੇ ਟਾਇਲਟ ’ਚ ਫਾਹਾ ਲੈ ਲਿਆ। ਥਾਪਨ ਨੂੰ ਸਰਕਾਰੀ ਜੀਟੀ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਇਲਾਜ ਦੌਰਾਨ ਉਸ ਨੂੰ ਮ੍ਰਿਤਕ ਐਲਾਨ ਕਰ ਦਿੱਤਾ। ਉਨ੍ਹਾਂ ਦੱਸਿਆ ਕਿ ਮਾਮਲੇ ’ਚ ਦੱਖਣ ਮੁੰਬਈ ਦੇ ਆਜ਼ਾਦ ਮੈਦਾਨ ’ਚ ਹਾਦਸੇ ਨਾਲ ਮੌਤ ਦਾ ਮਾਮਲਾ ਦਰਜ ਕੀਤਾ ਗਿਆ ਹੈ। ਪੁਲਸ ਨੇ ਦੱਸਿਆ ਕਿ ਥਾਪਨ ਮੂਲ ਰੂਪ ਨਾਲ ਪੰਜਾਬ ਦਾ ਰਹਿਣ ਵਾਲਾ ਸੀ ਅਤੇ ਉਸ ਨੂੰ ਸੋਨੂੰ ਕੁਮਾਰ ਬਿਸ਼ਨੋਈ ਨਾਲ ਸ਼ੂਟਰ ਸਾਗਰ ਪਾਲ ਅਤੇ ਵਿੱਕੀ ਗੁਪਤਾ ਨੂੰ ਹਥਿਆਰਾਂ ਦੀ ਸਪਲਾਈ ਕਰਨ ਦੇ ਦੋਸ਼ ’ਚ ਗ੍ਰਿਫ਼ਤਾਰ ਕੀਤਾ ਗਿਆ ਸੀ। ਪਾਲ ਅਤੇ ਗੁਪਤਾ ਨੂੰ ਪਹਿਲੇ ਹੀ ਗ੍ਰਿਫ਼ਤਾਰ ਕੀਤਾ ਜਾ ਚੁੱਕਿਆ ਹੈ।



## ਅਮਰੀਕੀ ਮੀਡੀਆ ਦਾ ਦਾਅਵਾ

# ਗੈਂਗਸਟਰ ਗੋਲਡੀ ਬਰਾੜ ਦਾ ਗੋਲੀਆਂ ਮਾਰ ਕੇ ਕਤਲ ?

**ਵਾਸ਼ਿੰਗਟਨ, 1 ਮਈ (ਸਟਿੰਗ ਆਪ੍ਰੇਸ਼ਨ ਬਿਊਰੋ)**-ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਕੇਸ ਦੇ ਮੁੱਖ ਮੁਲਜ਼ਮ ਗੈਂਗਸਟਰ ਗੋਲਡੀ ਬਰਾੜ ਦੀ ਮੌਤ ਬਾਰੇ ਚਰਚਾ ਚੱਲ ਰਹੀ ਹੈ। ਮੀਡੀਆ ਰਿਪੋਰਟਾਂ ਮੁਤਾਬਕ ਅਮਰੀਕਾ ਵਿੱਚ ਗੋਲਡੀ ਬਰਾੜ ਨੂੰ ਗੋਲੀਆਂ ਮਾਰ ਕੇ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਹੈ। ਇੱਕ ਅਮਰੀਕੀ ਨਿਊਜ਼ ਚੈਨਲ ਨੇ ਦਾਅਵਾ ਕੀਤਾ ਹੈ ਕਿ ਗੋਲਡੀ ਬਰਾੜ ਨੂੰ ਮੰਗਲਵਾਰ ਸ਼ਾਮ 5:25 ਵਜੇ ਅਮਰੀਕਾ ਦੇ ਫੇਅਰਮੌਂਟ ਤੇ ਹੋਲਟ ਐਵੇਨਿਊ ਵਿੱਚ ਗੋਲੀ ਮਾਰ ਦਿੱਤੀ ਗਈ। ਉਂਝ ਅਜੇ ਤੱਕ ਇਸ ਖਬਰ ਦੀ ਪੁਸ਼ਟੀ ਨਹੀਂ ਹੋ ਸਕੀ। ਮੀਡੀਆ ਰਿਪੋਰਟ ਮੁਤਾਬਕ ਗੋਲਡੀ ਬਰਾੜ ਆਪਣੇ ਇੱਕ ਦੋਸਤ ਨਾਲ ਘਰ ਦੇ ਬਾਹਰ ਗਲੀ ਵਿੱਚ ਖੜ੍ਹਾ ਸੀ। ਇਸ ਦੌਰਾਨ ਕੁਝ ਅਣਪਛਾਤੇ ਲੋਕ ਆਏ ਤੇ ਗੋਲੀਆਂ ਚਲਾ ਕੇ ਫਰਾਰ ਹੋ ਗਏ। ਅਮਰੀਕੀ ਚੈਨਲ ਨੇ ਪੁਲਿਸ ਅਧਿਕਾਰੀ ਲੈਸਲੇ ਵਿਲੀਅਮਜ਼ ਦੇ ਹਵਾਲੇ ਨਾਲ ਦਾਅਵਾ ਕੀਤਾ ਕਿ ਦੋ ਲੋਕਾਂ ਨੂੰ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ ਜਿਨ੍ਹਾਂ ਵਿੱਚੋਂ ਇੱਕ ਦੀ ਮੌਤ ਹੋ ਗਈ ਹੈ। ਇਹ ਵੀ ਚਰਚਾ ਹੈ ਕਿ ਗੋਲਡੀ ਬਰਾੜ ਦੇ ਵਿਰੋਧੀ ਗੈਂਗਸਟਰ ਅਰਸ਼ ਡੱਲਾ ਤੇ ਲਖਬੀਰ ਨੇ ਗੋਲਡੀ ਦੇ ਕਤਲ ਦੀ ਜ਼ਿੰਮੇਵਾਰੀ ਲਈ ਹੈ। ਦੋਵਾਂ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਨੇ ਦੁਸ਼ਮਣੀ ਕਾਰਨ ਗੋਲਡੀ ’ਤੇ ਗੋਲੀਆਂ ਚਲਾਈਆਂ। ਫਿਲਹਾਲ ਇਸ ’ਤੇ ਲਾਰੈਂਸ ਗੈਂਗ ਜਾਂ ਕਿਸੇ ਹੋਰ ਗੈਂਗਸਟਰ ਵੱਲੋਂ ਕੋਈ ਪ੍ਰਤੀਕਿਰਿਆ ਨਹੀਂ ਆਈ। ਦੱਸ ਦਈਏ ਕਿ ਗੋਲਡੀ ਬਰਾੜ ਪੰਜਾਬ ਦੇ ਸ੍ਰੀ ਮੁਕਤਸਰ ਸਾਹਿਬ ਦਾ ਵਸਨੀਕ ਹੈ। ਉਸ ਦਾ ਜਨਮ ਸਾਲ 1994 ਵਿੱਚ ਹੋਇਆ ਸੀ। ਮਾਪਿਆਂ ਨੇ ਉਸ ਦਾ ਨਾਂ ਸਤਵਿੰਦਰ ਸਿੰਘ ਰੱਖਿਆ ਸੀ। ਪਿਤਾ ਪੁਲਿਸ ਵਿੱਚ ਸਬ-ਇੰਸਪੈਕਟਰ ਸਨ। ਉਹ ਆਪਣੇ ਬੇਟੇ ਨੂੰ ਪੜ੍ਹਾ-ਲਿਖਾ ਕੇ ਕਾਬਲ ਬਣਾਉਣਾ ਚਾਹੁੰਦੇ ਸੀ ਪਰ ਸਤਵਿੰਦਰ ਉਰਫ ਗੋਲਡੀ ਨੇ ਜੁਰਮ ਦਾ ਰਾਹ ਚੁਣ ਲਿਆ। ਗੋਲਡੀ ਬਰਾੜ ਦੇ ਚਚੇਰੇ ਭਰਾ ਗੁਰਲਾਲ ਬਰਾੜ ਦਾ ਚੰਡੀਗੜ੍ਹ ਵਿੱਚ ਕਤਲ ਕਰ ਦਿੱਤਾ ਗਿਆ ਸੀ। ਗੁਰਲਾਲ ਨੂੰ 11 ਅਕਤੂਬਰ 2020 ਦੀ ਰਾਤ ਨੂੰ ਇੰਡਸਟਰੀਅਲ ਏਰੀਆ ਫੇਜ਼-1 ਸਥਿਤ ਕਲੱਬ ਦੇ ਬਾਹਰ ਗੋਲੀ ਮਾਰ ਦਿੱਤੀ ਗਈ ਸੀ। ਉਹ ਪੰਜਾਬ ਯੂਨੀਵਰਸਿਟੀ ਦਾ ਵਿਦਿਆਰਥੀ ਆਗੂ ਸੀ। ਗੁਰਲਾਲ ਬਰਾੜ ਲਾਰੈਂਸ ਬਿਸ਼ਨੋਈ ਦੇ ਸਭ ਤੋਂ ਕਰੀਬੀ ਸੀ। ਗੁਰਲਾਲ ਬਰਾੜ ਤੇ ਲਾਰੈਂਸ ਪੰਜਾਬ ਯੂਨੀਵਰਸਿਟੀ ਦੀ ਵਿਦਿਆਰਥੀ ਜਥੇਬੰਦੀ ਨਾਲ ਜੁੜੇ ਸੀ। ਗੁਰਲਾਲ ਬਰਾੜ ਦੇ ਕਤਲ ਤੋਂ ਬਾਅਦ ਲਾਰੈਂਸ ਗੈਂਗ ਨੇ ਸੋਸ਼ਲ ਮੀਡੀਆ ’ਤੇ ਲਿਖਿਆ ਸੀ ਕਿ ਹੁਣ ਨਵੀਂ ਜੰਗ ਸ਼ੁਰੂ ਹੋ ਗਈ ਹੈ, ਸੜਕਾਂ ’ਤੇ ਖ਼ੂਨ ਨਹੀਂ ਸੁੱਕੇਗਾ।



## ਦਲਵੀਰ ਗੋਲਡੀ ‘ਆਪ’ ’ਚ ਸ਼ਾਮਲ, ਕਿਹਾ: ਸੈਲਫ ਰਿਸਪੈਕਟ ਲਈ ਛੱਡੀ ਕਾਂਗਰਸ

**ਚੰਡੀਗੜ੍ਹ, 1 ਮਈ (ਸਟਿੰਗ ਆਪ੍ਰੇਸ਼ਨ ਬਿਊਰੋ)**-ਧੂਰੀ ਤੋਂ ਸਾਬਕਾ ਵਿਧਾਇਕ ਦਲਵੀਰ ਸਿੰਘ ਗੋਲਡੀ ਖੰਗੂੜਾ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਗਏ ਹਨ। ਮੁੱਖ ਮੰਤਰੀ ਭਗਵੰਤ ਮਾਨ ਨੇ ਖ਼ੁਦ ਗੋਲਡੀ ਨੂੰ ਆਮ ਆਦਮੀ ਪਾਰਟੀ ਵਿਚ ਸ਼ਾਮਲ ਕਰਵਾਇਆ ਹੈ। ਇਸ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਪਰਿਵਾਰ ਵਿਚ ਬਹੁਤ ਨੌਜਵਾਨ, ਜੋਸ਼ੀਲਾ ਤੇ ਮਿਹਨਤ ਕਰਨ ਵਾਲਾ ਆਗੂ ਸ਼ਾਮਲ ਹੋਇਆ ਹੈ। ਪਰਿਵਾਰ ਸਮੇਤ ਪਾਰਟੀ ਵਿਚ ਸ਼ਾਮਲ ਹੋਏ ਦਲਵੀਰ ਗੋਲਡੀ ਦਾ ਉਹ ਸਵਾਗਤ ਕਰਦੇ ਹਨ। ਮਾਨ ਨੇ ਕਿਹਾ ਕਿ ਪੰਜਾਬ ਨੂੰ ਰੰਗਲਾ ਪੰਜਾਬ ਬਨਾਉਣ ਦਾ ਜਿਹੜਾ ਸੁਫਨਾ ਅਸੀਂ ਲਿਆ ਹੈ, ਉਸ ਲਈ ਬਹੁਤ ਸਾਰੇ ਇਮਾਨਦਾਰ ਤੇ ਪੰਜਾਬ ਨੂੰ ਪਿਆਰ ਕਰਨ ਵਾਲੇ ਲੋਕਾਂ ਦੀ ਲੋੜ ਹੈ। ਅਰਵਿੰਦ ਕੇਜਰੀਵਾਲ ਨੇ ਜਦੋਂ ਆਮ ਆਦਮੀ ਪਾਰਟੀ ਬਣਾਈ ਤਾਂ ਕਿਹਾ ਕਿ ਦੂਜੀਆਂ ਪਾਰਟੀਆਂ ਵਿਚ ਵੀ ਚੰਗੇ ਲੋਕ ਹਨ, ਜਿਨ੍ਹਾਂ ਦੀ ਜਾਂ ਤਾਂ ਸੁਣੀ ਨਹੀਂ ਜਾਂਦੀ ਜਾਂ ਉਨ੍ਹਾਂ ਨੂੰ ਖੂੰਝੇ ਲਗਾ ਦਿੱਤਾ ਜਾਂਦਾ ਹੈ, ਅਜਿਹੇ ਆਗੂ ਵੀ ਸਾਡੀ ਪਾਰਟੀ ਵਿਚ ਆ ਕੇ ਦੇਸ਼ ਜਾਂ ਪੰਜਾਬ ਪ੍ਰਤੀ ਲਏ ਆਪਣੇ ਸੁਫਨੇ ਪੂਰੇ ਕਰ ਸਕਦੇ ਹਨ। ਮਾਨ ਨੇ ਕਿਹਾ ਕਿ ਦਲਵੀਰ ਗੋਲਡੀ ਸਟੂਡੈਂਟ ਸਿਆਸਤ ਤੋਂ ਉਠੇ ਅਤੇ ਮਿਹਨਤ ਨਾਲ ਕਾਂਗਰਸ ਵਿਚ ਵੱਡੀ ਥਾਂ ਬਣਾਈ ਪਰ ਇਸ ਦੇ ਬਾਵਜੂਦ ਉਨ੍ਹਾਂ ਨੂੰ ਦਰਕਿਨਾਰ ਕੀਤਾ ਗਿਆ। ਗੋਲਡੀ ਛੋਟੇ ਜਿਹੇ ਘਰ ਤੋਂ ਉਠ ਕੇ ਵਿਧਾਇਕ ਬਣਿਆ ਅਤੇ ਮੁਸ਼ਕਲ ਨਾਲ ਕਾਂਗਰਸ ਵਿਚ ਆਪਣੀ ਜਗ੍ਹਾ ਬਣਾਈ, ਜਦੋਂ ਤੁਸੀਂ ਮਿਹਨਤ ਕਰਦੇ ਹੋਵੋ ਅਤੇ ਫਲ ਤੇ ਫੁਲ ਕੋਈ ਹੋਰ ਲੈ ਜਾਵੇ ਤਾਂ ਦਿਲ ਟੁੱਟ ਜਾਂਦਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਦਲਵੀਰ ਗੋਲਡੀ ਨੂੰ ਉਹ ਛੋਟੇ ਭਰਾ ਦੇ ਤੌਰ ’ਤੇ ਆਪਣੇ ਪਰਿਵਾਰ ਵਿਚ ਸ਼ਾਮਲ ਕਰ ਰਹੇ ਹਨ। ਸਾਡੀ ਪਾਰਟੀ ਵਿਚ ਹਾਈਕਮਾਂਡ ਜਾਂ ਬਾਸ ਕਲਚਰ ਨਹੀਂ, ਸਗੋਂ ਸਾਰੇ ਆਗੂ ਛੋਟੇ ਵੱਡੇ ਭਰਾ ਹਨ। ਮੀਤ ਹੇਅਰ ਛੋਟੀ ਉਮਰ ਵਿਚ ਤਿੰਨ ਵਾਰ ਬਰਨਾਲਾ ਜਿੱਤ ਚੁੱਕੇ ਹਨ। ਅੱਜ ਮੀਤ ਹੇਅਰ ਤੇ ਦਲਵੀਰ ਗੋਲਡੀ ਮੇਰੀਆਂ ਬਾਹਾਂ ਬਣੇ ਹਨ। ਮਾਨ ਨੇ ਕਿਹਾ ਕਿ ਖ਼ੁਸ਼ੀ ਹੈ ਕਿ ਗੋਲਡੀ ਦੇ ਰੂਪ ਵਿਚ ਅਜਿਹਾ ਨੌਜਵਾਨ ਮੁੰਡਾ ਮਿਲਿਆ ਜਿਸ ਨੂੰ ਬੋਲਣ ਦਾ ਸਲੀਕਾ ਹੈ ਅਤੇ ਲੋਕਾਂ ਨਾਲ ਰਾਬਤਾ ਕਾਇਮ ਕਰਨਾ ਆਉਂਦਾ ਹੈ। ਇਸ ਨਾਲ ਸਾਨੂੰ ਬਹੁਤ ਬਲ ਮਿਲੇਗਾ।

## ਪੰਜਾਬ ’ਚ ਲੋਕ ਸਭਾ ਚੋਣਾਂ ’ਚ ਰਹਿ ਗਿਆ ਮਹੀਨਾ ਪਰ ਨਾ ਝੰਡੇ ਦਿਸ ਰਹੇ ਨਾ ਪੋਸਟਰ ਅਤੇ ਬੈਨਰ

**ਜਲੰਧਰ, 1 ਮਈ (ਸਟਿੰਗ ਆਪ੍ਰੇਸ਼ਨ ਬਿਊਰੋ)**-ਦੇਸ਼ ਭਰ ’ਚ ਲੋਕ ਸਭਾ ਚੋਣਾਂ ਦੇ ਦੋ ਪੜਾਅ ਪੂਰੇ ਹੋ ਗਏ ਹਨ ਅਤੇ ਤੀਜੇ ਪੜਾਅ ਦੀਆਂ ਤਿਆਰੀਆਂ ਚੱਲ ਰਹੀਆਂ ਹਨ, ਆਖਰੀ ਪੜਾਅ 1 ਜੂਨ ਨੂੰ ਹੋਵੇਗਾ, ਜਿਸ ’ਚ ਪੰਜਾਬ ’ਚ ਵੀ ਚੋਣਾਂ ਹੋਣਗੀਆਂ। ਕੁੱਲ ਮਿਲਾ ਕੇ ਪੰਜਾਬ ’ਚ ਲੋਕ ਸਭਾ ਚੋਣਾਂ ਲਈ ਹੁਣ ਇਕ ਮਹੀਨਾ ਬਾਕੀ ਰਹਿ ਗਿਆ ਹੈ ਪਰ ਜਿਸ ਤਰ੍ਹਾਂ ਦੀ ਚਹਿਲ-ਪਹਿਲ ਪਹਿਲਾਂ ਚੋਣਾਂ ’ਚ ਦੇਖੀ ਜਾਂਦੀ ਰਹੀ ਹੈ, ਉਹ ਇਸ ਵਾਰ ਨਹੀਂ ਹੈ। ਸਿਆਸੀ ਪਾਰਟੀਆਂ ਵੱਲੋਂ ਮੈਦਾਨ ’ਚ ਉਤਾਰੇ ਗਏ ਉਮੀਦਵਾਰਾਂ ਵਿਚ ਵੀ ਉਸ ਤਰ੍ਹਾਂ ਦੀ ਭੱਜ-ਨੱਠ ਨਹੀਂ ਦੇਖੀ ਜਾ ਰਹੀ ਜੋ ਅਕਸਰ ਪਿਛਲੀਆਂ ਚੋਣਾਂ ’ਚ ਕਈ ਵਾਰ ਦੇਖੀ ਜਾ ਚੁੱਕੀ ਹੈ। ਜੇਕਰ ਉਮੀਦਵਾਰ ਸੁਸਤ ਹਨ ਤਾਂ ਵੋਟਰ ਵੀ ਸੁਸਤ ਦਿਸ ਰਹੇ ਹਨ, ਜਿਸ ਦੇ ਕਾਰਨ ਪੰਜਾਬ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਚੋਣਾਂ ਦੀ ਰੌਣਕ ਦਾ ਉਤਸ਼ਾਹ ਨਾ ਦੇ ਬਰਾਬਰ ਹੈ। ਸਿਆਸੀ ਪਾਰਟੀਆਂ ਵੱਲੋਂ ਪੰਜਾਬ ਦੀਆਂ ਸਾਰੀਆਂ 13 ਸੀਟਾਂ ’ਤੇ ਆਪਣੇ ਉਮੀਦਵਾਰਾਂ ਦਾ ਲਗਭਗ ਐਲਾਨ ਕੀਤਾ ਜਾ ਚੁੱਕਾ ਹੈ। ਕਿਸੇ ਪਾਰਟੀ ਦੀ ਇਕ ਅੱਧੀ ਸੀਟ ਹੋ ਸਕਦੀ ਹੈ, ਜਿੱਥੇ ਉਮੀਦਵਾਰ ਦਾ ਐਲਾਨ ਹੋਣਾ ਬਾਕੀ ਹੈ ਪਰ ਉਮੀਦਵਾਰਾਂ ਦੇ ਵਾਰ ਰੂਮ ਅਜੇ ਤੱਕ ਠੰਡੇ ਪਏ ਹਨ। ਉਮੀਦਵਾਰਾਂ ਦੇ ਘਰਾਂ ’ਤੇ ਸਮਰਥਕ ਤਾਂ ਇਕੱਠੇ ਹੋ ਰਹੇ ਹਨ ਪਰ ਗਹਿਮਾ-ਗਹਿਮੀ ਅਤੇ ਰੌਣਕ ਮੇਲਾ ਗਾਇਬ ਹੈ। ਜਿਸ ਤਰ੍ਹਾਂ ਗੁਪਤ ਮੀਟਿੰਗਾਂ ਆਮ ਤੌਰ ’ਤੇ ਉਮੀਦਵਾਰਾਂ ਦੇ ਘਰ ਦੇਖਣ ਨੂੰ ਮਿਲਦੀਆਂ ਹਨ, ਉਹ ਵੀ ਇਸ ਵਾਰ ਨਹੀਂ ਹਨ। ਉਪਰੋਂ ਆਏ ਹੁਕਮਾਂ ਅਨੁਸਾਰ ਹੀ ਵਧੇਰੇ ਉਮੀਦਵਾਰ ਆਪਣੀ ਰਣਨੀਤੀ ਬਣਾ ਰਹੇ ਹਨ। ਪੰਜਾਬ ’ਚ ਵਿਧਾਨ ਸਭਾ ਚੋਣਾਂ ਹੋਣ ਜਾਂ ਲੋਕ ਸਭਾ ਦੀਆਂ ਚੋਣਾਂ। ਅਕਸਰ ਲੋਕਾਂ ਵਿਚ ਉਤਸੁਕਤਾ ਰਹਿੰਦੀ ਹੈ। ਲੋਕ ਅਕਸਰ ਹੀ ਚੋਣਾਂ ’ਚ ਵੱਧ-ਚੜ੍ਹ ਕੇ ਹਿੱਸਾ ਲੈਂਦੇ ਹਨ ਪਰ ਇਸ ਵਾਰ ਲੋਕ ਇਸ ਮਾਮਲੇ ’ਚ ਚੁੱਪ ਵੱਟ ਰਹੇ ਹਨ। ਜਿੱਥੋਂ ਤੱਕ ਉਮੀਦਵਾਰਾਂ ਦੇ ਸਮਰਥਕਾਂ ਦਾ ਸਵਾਲ ਹੈ, ਉਹ ਪਹਿਲਾਂ ਵਾਂਗ ਉਮੀਦਵਾਰਾਂ ਨੂੰ ਸਮਾਂ ਨਹੀਂ ਦੇ ਪਾ ਰਹੇ ਹਨ। ਜਦੋਂ ਕਿ ਵੋਟਰ ਆਪਣੇ ਕੰਮ ’ਚ ਰੁੱਝੇ ਹੋਣ ਕਾਰਨ ਜ਼ਿਆਦਾ ਸਮਾਂ ਨਹੀਂ ਦੇ ਰਹੇ। ਜਿਥੋਂ ਤੱਕ ਦਿਹਾਤੀ ਵੋਟਰਾਂ ਦਾ ਸਬੰਧ ਹੈ, ਉੱਥੇ ਕਣਕ ਦੀ ਵਾਢੀ ਦਾ ਸੀਜ਼ਨ ਚੱਲ ਰਿਹਾ ਹੈ, ਜਿਸ ਕਾਰਨ ਉਹ ਇਸੇ ਕੰਮ ਵਿਚ ਰੁੱਝੇ ਹੋਏ ਹਨ। ਪੰਜਾਬ ’ਚ ਸ਼ਾਇਦ ਇਹ ਪਹਿਲੀ ਚੋਣ ਹੋਵੇਗੀ ਜਦੋਂ ਉਮੀਦਵਾਰਾਂ ਵੱਲੋਂ ਚੋਣ ਪ੍ਰਚਾਰ ’ਤੇ ਲੱਗਣ ਵਾਲਾ ਪੈਸਾ ਸਭ ਤੋਂ ਘੱਟ ਖਰਚਿਆ ਜਾਵੇਗਾ। ਘਰਾਂ ਤੋਂ ਲੈ ਕੇ ਸ਼ਹਿਰ ਦੀਆਂ ਗਲੀਆਂ ਤੱਕ ਕਿਤੇ ਵੀ ਪੋਸਟਰ ਜਾਂ ਝੰਡੇ ਨਜ਼ਰ ਨਹੀਂ ਆਉਂਦੇ ਅਤੇ ਨਾ ਹੀ ਉਮੀਦਵਾਰਾਂ ਦੇ ਸਮਰਥਕਾਂ ਦੇ ਕੋਲ ਬੈਚ ਜਾਂ ਪ੍ਰਚਾਰ ਨਾਲ ਸਬੰਧਤ ਹੋਰ ਕਿਸੇ ਕਿਸਮ ਦਾ ਸਾਮਾਨ ਦਿਖਾਈ ਦਿੰਦਾ ਹੈ। ਕਿਸੇ ਵੀ ਸਿਆਸੀ ਪਾਰਟੀ ਵੱਲੋਂ ਰੋਡ ਸ਼ੋਅ ਜਾਂ ਰੈਲੀ ਦੌਰਾਨ ਕਿਸੇ ਨਿਰਧਾਰਤ ਇਲਾਕੇ ਵਿਚ ਹੀ ਝੰਡੇ ਵਿੱਚ ਲਗਾਏ ਜਾਂਦੇ ਹਨ ਪਰ ਰੈਲੀ ਖਤਮ ਹੁੰਦੇ ਹੀ ਉਨ੍ਹਾਂ ਨੂੰ ਉਤਾਰ ਦਿੱਤਾ ਜਾਂਦਾ ਹੈ। ਪੰਜਾਬ ’ਚ ਪ੍ਰਚਾਰ ਸਮੱਗਰੀ ਦਾ ਕੰਮ ਕਰਨ ਵਾਲੇ ਬਹੁਤੇ ਦੁਕਾਨਦਾਰਾਂ ਦੇ ਚਿਹਰੇ ਵੀ ਲਟਕੇ ਹੋਏ ਹਨ। 2022 ਦੀਆਂ ਵਿਧਾਨ ਸਭਾ ਚੋਣਾਂ ਤੋਂ ਬਾਅਦ 2024 ਦੀਆਂ ਲੋਕ ਸਭਾ ਚੋਣਾਂ ਤੋਂ ਉਨ੍ਹਾਂ ਨੂੰ ਵੱਡੀ ਆਸ ਸੀ ਪਰ ਹੁਣ ਉਸ ਆਸ ’ਤੇ ਵੀ ਪਾਣੀ ਫਿਰਦਾ ਦਿਸ ਰਿਹਾ ਹੈ।



## ਦਮਦਮੀ ਟਕਸਾਲ ਦੇ 13ਵੇਂ ਮੁਖੀ ਸੰਤ ਭਿੰਡਰਾਂਵਾਲਿਆਂ ਦੇ ਭਤੀਜੇ ਦਾ ਕਤਲ

**ਸ੍ਰੀ ਹਰਗੋਬਿੰਦਪੁਰ ਸਾਹਿਬ, 1 ਮਈ (ਸਟਿੰਗ ਆਪ੍ਰੇਸ਼ਨ ਬਿਊਰੋ)**-ਜ਼ਿਲ੍ਹਾ ਗੁਰਦਾਸਪੁਰ ਦੇ ਕਸਬਾ ਘੁਮਾਣ ਦੇ ਨਜ਼ਦੀਕ ਘੁਮਾਣ ਤੋਂ ਮਹਿਤਾ ਰੋਡ ’ਤੇ ਸਥਿਤ ਗੁਰਦੁਆਰਾ ਗੁਰੂ ਅਮਰਦਾਸ ਸਾਹਿਬ ਜੀ ਅਠਵਾਲ ਪੁੱਲ ਵਿਖੇ ਪਿਛਲੇ ਲੰਮੇ ਸਮੇਂ ਤੋਂ ਮੁੱਖ ਸੇਵਾਦਾਰ ਦੇ ਤੌਰ ’ਤੇ ਸੇਵਾਵਾਂ ਨਿਭਾ ਰਹੇ ਸੰਤ ਗਿਆਨੀ ਕਰਤਾਰ ਸਿੰਘ ਖ਼ਾਲਸਾ ਭਿੰਡਰਾਂ ਵਾਲਿਆਂ ਦੇ ਭਤੀਜੇ, ਜਨਰਲ ਸਕੱਤਰ ਸੰਤ ਸਮਾਜ ਮੁੱਖ ਬੁਲਾਰਾ ਦਮਦਮੀ ਟਕਸਾਲ ਅਤੇ ਚਾਚੇਰੇ ਭਰਾਤਾ ਸ਼ਹੀਦ ਭਾਈ ਅਮਰੀਕ ਸਿੰਘ ਪ੍ਰਧਾਨ ਸਿੱਖ ਸਟੂਡੈਂਟ ਫੈਡਰੇਸ਼ਨ ਬਾਬਾ ਬਲਵਿੰਦਰ ਸਿੰਘ ਖਾਲਸਾ ਦਾ ਉਨ੍ਹਾਂ ਦੇ ਹੀ ਰਿਹਾਇਸ਼ ਵਿਖੇ ਕਤਲ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਕੱਤਰ ਕੀਤੀ ਜਾਣਕਾਰੀ ਅਨੁਸਾਰ ਬਾਬਾ ਬਲਵਿੰਦਰ ਸਿੰਘ ਦਮਦਮੀ ਟਕਸਾਲ ਭਾਈ ਰਾਮ ਸਿੰਘ ਸੰਗਰਾਵਾਂ ਵਾਲਿਆਂ ਦੀ ਰਹਿਨੁਮਾਈ ਹੇਠ ਪਿਛਲੇ ਕੋਈ ਦੱਸ ਸਾਲ ਦੇ ਕਰੀਬ ਗੁਰਦੁਆਰਾ ਗੁਰੂ ਅਮਰਦਾਸ ਸਾਹਿਬ ਜੀ ਵਿਖੇ ਸੇਵਾ ਨਿਭਾਅ ਰਹੇ ਸਨ। ਉਹ ਗੁਰਦੁਆਰਾ ਸਾਹਿਬ ਜੀ ਦੇ ਪਿਛਲੇ ਪਾਸੇ ਬਣੀ ਰਿਹਾਇਸ਼ ਵਿਚ ਰਹਿੰਦੇ ਸਨ, ਜਿਸ ਵਿਚ ਦੋ ਸੇਵਾਦਾਰ ਉਨ੍ਹਾਂ ਦੇ ਨਾਲ ਸਨ, ਜਿਨ੍ਹਾਂ ਵਿਚੋਂ ਇਕ ਸੇਵਾਦਾਰ , ਰਮਨਜੀਤ ਸਿੰਘ ਰਾਤ ਕਰੀਬ 10 ਵਜੇ ਕਿਸੇ ਤੇਜ਼ਧਾਰ ਹਥਿਆਰ ਨਾਲ ਬਾਬਾ ਬਲਵਿੰਦਰ ਸਿੰਘ ’ਤੇ ਅਨੇਕਾਂ ਵਾਰ ਕੀਤੇ ਤੇ ਫਰਾਰ ਹੋ ਗਿਆ। ਜਿਸ ਨਾਲ ਉਨਾਂ ਦੀ ਮੌਕੇ ਤੇ ਮੌਤ ਹੋ ਗਈ। ਕਤਲ ਕਰਨ ਤੋਂ ਬਾਅਦ ਉਸ ਦੇ ਭੱਜਦਿਆਂ ਦੀ ਸੀ. ਸੀ. ਟੀ. ਵੀ. ਫੁਟੇਜ ਵੀ ਸਾਹਮਣੇ ਆਈ ਹੈ।





ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਅਤੇ ਸੰਤ ਕਰਤਾਰ ਸਿੰਘ ਭਿੰਡਰਾਂਵਾਲਿਆਂ ਦੇ ਸਪੁੱਤਰ ਭਾਈ ਮਨਜੀਤ ਸਿੰਘ ਨੇ ਇਸ ਘਟਨਾ ਦੀ ਨਿੰਦਾ ਕਰਦਿਆਂ ਕਿਹਾ ਕਿ ਇਹ ਕਤਲ ਸੋਚੀ ਸਮਝੀ ਸਾਜ਼ਿਸ਼ ਤਹਿਤ ਹੋਇਆ ਹੈ ਇਸ ਮੌਕੇ ਘਟਨਾ ਸਥਾਨ ਤੇ ਪਹੁੰਚੇ ਡੀ ਆਈ ਜੀ ਬਾਰਡਰ ਅੰਮ੍ਰਿਤਸਰ ਰਕੇਸ਼ ਕੌਂਸਲ , ਐਸ ਪੀ ਬਟਾਲਾ ਇੰਨਵੈਸਟੀਗੇਸਨ ਰਮਿੰਦਰ ਸਿੰਘ ਦਿਉਲ, ਡੀ ਐਸ ਪੀ ਸ੍ਰੀ ਹਰਗੋਬਿੰਦਪੁਰ ਸਾਹਿਬ ਰਾਜੇਸ਼ ਕੱਕੜ ਅਤੇ ਥਾਣਾ ਘੁਮਾਣ ਦੇ ਮੁਖੀ ਬਿਕਰਮਜੀਤ ਸਿੰਘ ਸਮੇਤ ਹੋਰ ਅਧਿਕਾਰੀ ਪਹੁੰਚੇ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡੀ ਆਈ ਜੀ ਬਾਰਡਰ ਰਕੇਸ਼ ਕੌਂਸਲ ਨੇ ਦੱਸਿਆ ਕਿ ਇਸ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਬਾਬਾ ਬਲਵਿੰਦਰ ਸਿੰਘ ਦਾ ਕਤਲ ਹੋਣਾ ਬਹੁਤ ਹੀ ਮੰਦਭਾਗੀ ਖ਼ਬਰ ਹੈ। ਉਨਾਂ ਅੱਗੇ ਦੱਸਿਆ ਕਿ ਇਸ ਕਤਲ ਦਾ ਮੁੱਖ ਦੋਸ਼ੀ ਰਮਨਜੀਤ ਸਿੰਘ ਹੈ ਜ਼ੋ ਕਿ ਪਿੰਡ ਸਲਾਹਪੁਰ ਦਾ ਰਹਿਣ ਵਾਲਾ ਹੈ। ਅਤੇ ਜ਼ੋ ਕਿ ਬਾਬਾ ਜੀ ਦਾ ਸੇਵਾਦਾਰ ਸੀ। ਉਨਾਂ ਕਿਹਾ ਕਿ ਤਫਦੀਸ਼ ਦੋਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਉਹ ਪਹਿਲਾਂ ਤੋਂ ਬਾਬਾ ਜੀ ਦੀ ਸੇਵਾ ਕਰ ਰਿਹਾ ਸੀ ਅਤੇ ਇਸੇ ਦੋਰਾਨ ਹੀ ਉਸ ਨੇ ਬਾਬਾ ਜੀ ਦਾ ਕਤਲ ਕਰ ਦਿੱਤਾ। ਉਨਾਂ ਕਿਹਾ ਕਿ ਸੀ ਸੀ ਟੀਵੀ ਕੈਮਰੇ ਦੇ ਵਿਚ ਰਮਨਜੀਤ ਸਿੰਘ ਕਤਲ ਕਰਨ ਤੋਂ ਬਾਅਦ ਭੱਜਦਾ ਦਿਖਾਈ ਦਿੰਦਾ ਹੈ। ਉਨਾਂ ਕਿਹਾ ਕਿ ਕਤਲ ਦੇ ਕਾਰਨਾਂ ਦਾ ਅਜੇ ਕੁਝ ਪਤਾ ਨਹੀਂ ਲੱਗਾ ਹੈ ਉਨਾਂ ਅੱਗੇ ਕਿਹਾ ਕਿ ਰਮਨਜੀਤ ਸਿੰਘ ਦੇ ਖਿਲਾਫ ਵੱਖ-ਵੱਖ ਧਰਾਵਾਂ ਤਹਿਤ ਮੁਕਦਮਾ ਦਰਜ ਕਰ ਲਿਆ ਗਿਆ ਹੈ ਅਤੇ ਉਸ ਨੂੰ ਫੜ੍ਹਨ ਲਈ ਪੁਲਿਸ ਵੱਲੋਂ ਵੱਖ ਵੱਖ ਥਾਵਾਂ ਛਾਪੇਮਾਰੀ ਕੀਤੀ ਜਾ ਰਹੀ ਹੈ। ਅਤੇ ਜਲਦ ਹੀ ਉਸਨੂੰ ਕਾਬੂ ਕਰ ਲਿਆ ਜਾਵੇਗਾ।



ਸਟਿੰਗ ਆਪ੍ਰੇਸ਼ਨ

www.stingoperation.us



Publisher/Chief Editor

**Sudesh Kumar Bagga**

Sting Operation (News Paper)

stingnews24@gmail.com

www.stingoperation.us

Mob. : 90416-59160

**Head Office :**

#125, Nakodar Road

Malko (Jalandhar) 144026 Pb. (India)

Mob. : 90416-59160, 94177-17088


# ਕੀ ਸਰਕਾਰਾਂ ਗਰੀਬਾਂ ਮਜ਼ਦੂਰਾਂ ਪ੍ਰਤੀ ਸੱਚਮੁੱਚ ਸੰਜੀਦਾ ਹਨ

**1 ਮਈ** ਨੂੰ ਮਜ਼ਦੂਰਾਂ ਦਾ , ਕਿਰਤੀਆਂ ਦਾ ਦਿਨ ਹੈ ਪਰ ਜ਼ਿਆਦਾਤਰ ਕਿਰਤੀਆਂ ਨੂੰ ਇਸ ਬਾਰੇ ਗਿਆਨ ਨਹੀ ਹੈ ਉਹ ਆਪਣੇ ਹੱਕਾਂ ਪ੍ਰਤੀ ਸੁਚੇਤ ਨਹੀ ਹਨ। ਜ਼ਿਆਦਾਤਰ ਮਜ਼ਦੂਰ ਇਸ ਦਿਨ ਤੋਂ ਅਣਜਾਣ ਹਨ ਜੇ ਉਹਨਾਂ ਨੂੰ ਇਹ ਨਹੀ ਪਤਾ ਕਿ ਇਹ ਦਿਨ ਸਾਡੇ ਹੱਕਾਂ ਦੀ ਗੱਲ ਕਰਦਾ ਹੈ ਤਾਂ ਉਹ ਆਪਣੇ ਹੱਕ ਕਿਵੇਂ ਲੈ ਸਕਣਗੇ।





ਅੱਜ ਤੋਂ ਕੋਈ 130 ਕੁ ਸਾਲ ਪਹਿਲਾਂ ਯਾਨੀ ਕਿ ਸੰਨ 1890 ਨੂੰ ਇਹ ਦਿਹਾੜਾ ਹੋਂਦ ਵਿੱਚ ਆਇਆ ਸੀ। ਉਹ ਇਸ ਲਈ ਕਿ ਮਜ਼ਦੂਰਾਂ ਨੂੰ , ਕਿਰਤੀਆਂ ਨੂੰ ਉਹਨਾਂ ਦੀ ਮਿਹਨਤ ਦਾ ਪੂਰਾ ਮੁੱਲ ਮਿਲ ਸਕੇ ਪੂਰਾ ਮਿਹਨਤਾਨਾ ਮਿਲ ਸਕੇ। ਉਹਨਾਂ ਦੇ ਹੱਕ ਉਹਨਾਂ ਨੂੰ ਮਿਲ ਸਕਣ ਜੋ ਉਹਨਾਂ ਨੂੰ ਨਹੀ ਮਿਲਦੇ ਸਨ। ਕਾਰਪੋਰੇਟ ਘਰਾਣਿਆਂ ਵੱਲੋਂ ਇੰਨ੍ਹਾਂ ਦਾ ਰੱਜ ਕੇ ਸ਼ੋਸ਼ਣ ਕੀਤਾ ਜਾਂਦਾ ਸੀ। ਇੰਨ੍ਹਾਂ ਮਜ਼ਦੂਰਾਂ ਕੋਲੋਂ 14-15 ਘੰਟੇ ਦਿਹਾੜੀ ਵਿੱਚ ਕੰਮ ਲਿਆ ਜਾਂਦਾ ਸੀ। ਇੰਨ੍ਹਾਂ ਕੰਮ ਲੈਣ ਦੇ ਬਾਵਜੂਦ ਵੀ ਇਹਨਾਂ ਦੀਆਂ ਲੋੜਾਂ ਦੀ ਪੂਰਤੀ ਨਹੀ ਹੁੰਦੀ ਸੀ। ਸਾਰਾ ਫਾਇਦਾ ਮਾਲਕ ਲੈ ਜਾਂਦੇ ਸਨ। ਇੰਨ੍ਹਾਂ ਕੋਲੋਂ ਬੜੀ ਹੀ ਘੱਟ ਉਜ਼ਰਤ ਤੇ ਕੰਮ ਲਿਆ ਜਾਂਦਾ ਸੀ। (ਜੋ ਅੱਜ ਵੀ ਜਾਰੀ ਹੈ) ਜੇ ਮਜ਼ਦੂਰ ਇਸ ਲਈ ਕੋਈ ਮੰਗ ਕਰਦੇ ਤਾਂ ਉਹਨਾਂ ਤੇ ਜ਼ੁਲਮ ਢਾਹੇ ਜਾਂਦੇ ਸਨ। ਮਾਰਿਆ ਕੁੱਟਿਆ ਜਾਂਦਾ ਸੀ। ਜੇਲਾਂ ਵਿੱਚ ਬੰਦ ਕਰ ਦਿੱਤਾ ਜਾਂਦਾ ਸੀ। ਕਈ ਤਰ੍ਹਾਂ ਦੇ ਕੇਸ ਦਰਜ ਕੀਤੇ ਜਾਂਦੇ ਸਨ ਜੋ ਉਹਨਾਂ ਨੂੰ ਜੇਲ੍ਹਾਂ ਵਿੱਚ ਸੜ੍ਹਦੇ ਰਹਿਣ ਲਈ ਬਹੁਤ ਹੁੰਦੇ ਸਨ।

ਸੰਨ 1886 ਦੇ ਆਸ-ਪਾਸ ਕਾਰਲ-ਮਾਰਕਸ ਦੀ ਅਗਵਾਈ ਵਿੱਚ ਇੱਕ ਲਾਲ ਝੰਡੇ ਹੇਠ ਮਜ਼ਬੂਤ ਮਜ਼ਦੂਰ ਜਥੇਬੰਦੀ ਸਥਾਪਿਤ ਕੀਤੀ ਗਈ। ਆਪਣੇ ਹੱਕਾਂ ਦੀ ਪੂਰਤੀ ਲਈ ਬਹੁਤ ਵੱਡਾ ਇੱਕਠ ਕੀਤਾ ਗਿਆ। ਜਿਸ ਵਿੱਚ ਲੱਖਾਂ ਮਜ਼ਦੂਰਾਂ ਨੇ ਸ਼ਿਰਕਤ ਕੀਤੀ ਗਈ। ਸਰਕਾਰ ਵੱਲੋਂ ਉਹਨਾਂ ਦੀਆਂ ਮੰਗਾਂ ਮੰਨ ਲਈਆਂ ਗਈਆਂ। ਮਈ 1, ਦੇ ਦਿਨ ਨੂੰ 'ਕੌਮਾਂਤਰੀ ਕਿਰਤੀ ਦਿਵਸ' ਵਜ਼ੋਂ ਮਨਾਇਆ ਗਿਆ। ਇਸੇ ਲਈ 1 ਮਈ ਨੂੰ 'ਮਜ਼ਦੂਰ ਦਿਵਸ' ਵਜ਼ੋਂ ਮਨਾਇਆ ਜਾਣ ਲੱਗਾ। ਸੰਨ 1947 ਨੂੰ ਭਾਰਤ ਦੇਸ਼ ਨੂੰ ਅੰਗਰੇਜ਼ਾਂ ਤੋਂ ਛੁਟਕਾਰਾ ਮਿਲਿਆ ਸੀ। ਦੇਸ਼ ਅਜ਼ਾਦ ਹੋ ਗਿਆ, ਪਰ ਕੀ ਦੇਸ਼ ਦੇ ਹਾਲਾਤ ਸੁਧਰੇ ਜਾਂ ਅੱਗੇ ਨਾਲੋਂ ਵੀ ਬਦਤਰ ਹੋ ਗਏ। ਦੇਸ਼ ਦੀ ਵੰਡ ਵੇਲੇ ਦੇਸ਼ ਦੀ ਸੱਤਾ ਸੰਭਾਲਣ ਵਾਲੇ ਆਗੂਆਂ ਨੇ ਜਨਤਾ ਨਾਲ ਕਈ ਵਾਅਦੇ ਕੀਤੇ ਜੋ ਵਫਾ ਨਾ ਹੋਏ। ਉਹ ਵਾਅਦੇ ਸਨ ਕਿ ਕੋਈ ਅਨਪੜ੍ਹ ਨਹੀ ਰਹੇਗਾ। ਪੂਰਾ ਦੇਸ਼ ਸਿਖਿਅੱਤ ਹੋਏਗਾ। ਮੁੱਫਤ ਵਿੱਦਿਆ ਪ੍ਰਦਾਨ ਕੀਤੀ ਜਾਵੇਗੀ। ਪਰ ਤੁਸੀ ਵੇਖ ਲੋ ਸਰਕਾਰੀ ਸਕੂਲਾਂ ਦੇ ਹਾਲਾਤ ਕੋਈ ਵੀ ਆਪਣੇ ਬੱਚੇ ਨੂੰ ਸਰਕਾਰੀ ਸਕੂਲ 'ਚ ਪੜ੍ਹਾ ਕੇ ਰਾਜ਼ੀ ਨਹੀ ਹੈ ਤੇ ਗਰੀਬ ਪ੍ਰਾਈਵੇਟ ਸਕੂਲਾਂ ਦੀਆਂ ਫੀਸਾਂ ਦੇ ਨਹੀ ਸਕਦੇ। ਇਸ ਲਈ ਉਹ ਪੜ੍ਹਾਈ ਤੋਂ ਵਾਂਝੇ ਰਹਿ ਗਏ। ਜਾਂ ਜ਼ਿਆਦਾ ਤੋਂ ਜ਼ਿਆਦਾ 10-12 ਪੜ੍ਹ ਲੈਣਗੇ। ਉੱਚ ਵਿੱਦਿਆਂ ਪ੍ਰਾਪਤ ਨਹੀ ਕਰ ਸਕਦੇ।

ਸ਼ਹਿਰਾਂ ਵਾਂਗ ਪਿੰਡਾਂ ਦੀ ਹਾਲਤ ਵੀ ਸੁਧਰੇਗੀ, ਪਰ ਅੱਜ ਵੀ ਕੁੱਝ ਇੱਕਾ ਦੁੱਕਾ ਪਿੰਡਾਂ ਨੂੰ ਛੱਡ ਕੇ ਸਭ ਤੋਂ ਪਹਿਲਾਂ ਰੂੜੀਆਂ ਸਵਾਗਤ ਕਰਦੀਆਂ ਹਨ। ਕਈ ਪਿੰਡਾਂ ਵਿੱਚ ਅਜ਼ਾਦੀ ਦੇ 77 ਸਾਲਾਂ ਬਾਦ ਵੀ ਅੱਜ ਤੱਕ ਬਿਜਲੀ ਨਹੀ ਪਹੁੰਚੀ। ਡਾਕਟਰੀ ਇਲਾਜ ਲੋਕਾਂ ਦੀ ਪਹੁੰਚ ਤੋਂ ਬਾਹਰ ਹਨ। ਕਾਨੂੰਨ ਸਭ ਲਈ ਬਰਾਬਰ ਨਹੀ ਹਨ। ਅਮੀਰ ਲਈ ਕਾਨੂੰਨ ਹੋਰ ਤੇ ਗਰੀਬ ਲਈ ਕਾਨੂੰਨ ਹੋਰ ਹੈ। ਗਰੀਬ ਲਈ ਕੋਈ ਇਨਸਾਫ ਨਹੀ ਹੈ। ਇੰਨ੍ਹਾਂ ਸਰਕਾਰਾਂ ਵੱਲੋਂ ਜੇ

ਕੁੱਝ ਮਿਲ ਰਿਹਾ ਹੈ ਤਾਂ ਉਹ ਲੱਕ ਤੋੜਵੀਂ ਮਹਿੰਗਾਈ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਗੁੰਡਾਗਰਦੀ, ਗੈਂਗਸਟਰ ਕਲਚਰ, ਲੁੱਟਾਂ-ਖੋਹਾਂ ਤੇ ਨਸ਼ਿਆ ਦੇ ਵੱਗਦੇ ਦਰਿਆਂ ਹਨ। ਇੰਨ੍ਹਾਂ ਨਾਲ ਦੇਸ਼ ਦਾ ਭਲਾ ਹੋਣ ਵਾਲਾ ਨਹੀ ਹੈ। ਇਹ ਅਪਰਾਧ, ਗੁਨਾਹ ਅਮਰ ਵੇਲ ਵਾਂਗ ਵੱਧ ਰਹੇ ਹਨ। ਸਭ ਆਪੋ ਆਪਣੀਆਂ ਸਿਆਸਤੀ ਰੋਟੀਆਂ ਸੇਕਣ ਵਿੱਚ ਲੱਗੇ ਹੋਏ ਹਨ। ਪੜ੍ਹੇ ਲਿਖੇ ਨੌਜਵਾਨ ਲੜਕੇ ਲੜਕੀਆਂ ਲਈ ਨੌਕਰੀਆਂ ਨਹੀ ਹਨ। ਅਨਪੜ੍ਹਾਂ ਲਈ ਕੋਈ ਕੰਮ-ਕਾਰ ਰੁਜ਼ਗਾਰ ਨਹੀ ਹੈ। ਬਾਲ ਮਜ਼ਦੂਰੀ ਦਿਨੋ-ਦਿਨ ਵੱਧ ਰਹੀ ਹੈ। ਦੇਸ਼ ਵਿੱਚ ਜੋ ਬੱਚੇ ਬਾਲ ਮਜ਼ਦੂਰੀ ਕਰ ਰਹੇ ਹਨ, ਉਹਨਾਂ ਦੀ ਗਿਣਤੀ 6 ਕਰੋੜ ਦੇ ਆਸ-ਪਾਸ ਹੈ। ਕਈ ਬੱਚੇ ਭੀਖ ਮੰਗਣ ਲਈ ਮਜ਼ਬੂਰ ਹਨ। ਕਈ ਕੂੜੇ ਦੇ ਢੇਰਾਂ ਵਿੱਚੋਂ ਜ਼ਿੰਦਗੀ ਤਲਾਸ਼ ਰਹੇ ਹਨ। ਭਾਵੇਂ ਬਾਲ-ਮਜ਼ਦੂਰੀ ਰੋਕਣ ਲਈ ਸਰਕਾਰ ਵੱਲੋਂ ਕਈ ਕਾਨੂੰਨ ਬਣਾਏ ਗਏ ਹਨ। ਇਸਦੇ ਬਾਵਜੂਦ ਕੋਈ ਰੋਕ ਨਹੀ ਲੱਗ ਰਹੀ। ਚੋਰ-ਮੋਰੀ ਰਾਹੀਂ ਸਭ ਕੁੱਝ ਚੱਲ ਰਿਹਾ ਹੈ।

ਪਿਛਲੇ ਸਾਲਾਂ ਦੌਰਾਨ ਇਹ ਖ਼ਬਰ ਸੀ ਕਿ 'ਕੇਂਦਰ ਸਰਕਾਰ ਵੱਲੋਂ ਬਾਲ ਮਜ਼ਦੂਰੀ ਦੀ ਸੂਚੀ ਵਿੱਚ ਸ਼ਾਮਿਲ 93 ਅਦਾਰਿਆਂ ਵਿੱਚੋਂ 90 ਅਦਾਰਿਆਂ ਨੂੰ ਬਾਹਰ ਕੱਢਣ ਦੀ ਤਿਆਰੀ' ਭਾਵ ਕਿ ਉਹਨਾਂ 90 ਅਦਾਰਿਆਂ ਵਿੱਚ ਬਾਲ ਮਜ਼ਦੂਰੀ ਜ਼ਾਇਜ ਹੋਵੇਗੀ। ਜ਼ਿਆਦਤਰ ਬੱਚੇ ਹੋਟਲਾਂ, ਢਾਬਿਆਂ, ਰੈਸਟੋਰੈਂਟਾਂ, ਦੁਕਾਨਾਂ ਤੇ ਤੁਰ ਫਿਰ ਕੇ ਸਮਾਨ ਵੇਚਣ ਵਾਲਿਆਂ ਕੋਲ ਕੰਮ ਕਰਦੇ ਹਨ ਤੇ ਸਰਕਾਰ ਇਹਨਾਂ ਨੂੰ ਹੀ ਮਾਨਤਾ ਦੇਣ ਦੀਆਂ ਗੱਲਾਂ ਕਰਦੀ ਪਈ ਹੈ। ਇਸ ਨਾਲ ਬਾਲ-ਮਜ਼ਦੂਰੀ ਘਟੇਗੀ ਜਾਂ ਵਧੇਗੀ। ਕੀ ਇਹ ਸਭ ਜ਼ਾਇਜ ਹੈ ? ਇਸਦਾ ਕਈ ਜਥੇਬੰਦੀਆਂ ਨੇ ਵਿਰੋਧ ਵੀ ਕੀਤਾ ਸੀ। ਪਿਛਲੇ ਸਾਲਾਂ ਦੌਰਾਨ ਹੀ ਮਜ਼ਦੂਰ ਭਲਾਈ ਮਜ਼ਦੂਰ ਨਿਰਦੇਸ਼ਿਕ ਨੇ ਇੱਕ ਏਜੰਡਾ ਤਿਆਰ ਕਰਕੇ ਕਿਰਤ ਮੰਤਰੀ ਬੰਡਾਰੂ ਦੱਤਾਤਰੇਅ ਨੂੰ ਭੇਜਿਆ ਸੀ। ਜਿਸ ਵਿੱਚ ਇਹ ਸਭ ਸੀ ਕਿ ਘਰੇਲੂ ਨੌਕਰਾਂ ਨੂੰ ਘੱਟੋ-ਘੱਟ 9000 (ਨੌਂ ਹਜ਼ਾਰ) ਰੁਪੈ ਪ੍ਰਤੀ ਮਹੀਨਾ ਤਨਖਾਹ ਮਿਲਣੀ ਚਾਹੀਦੀ ਹੈ। ਜਿਸ ਵਿੱਚ ਘਰੇਲੂ ਸੇਵਕ ਔਰਤਾਂ ਨੂੰ 15 ਦਿਨ ਦੀ ਪੇਡ ਛੁੱਟੀ, ਪ੍ਰਸੂਤਾ ਛੁੱਟੀ ਤੇ ਹੋਰ ਸਾਰੀਆਂ ਸਹੂਲਤਾਂ ਪ੍ਰਦਾਨ ਹੋਣਗੀਆਂ। ਕੀ ਇਹ ਸਭ ਉਹਨਾਂ ਨੂੰ ਮਿਲ ਰਿਹਾ ਹੈ ਜਾਂ ਇਹ ਸਿਰਫ਼ ਖਾਨਪੂਰਤੀ ਕਾਗਜ਼ਾਂ ਤੱਕ ਹੀ ਸੀਮਿਤ ਹੋ ਕੇ ਰਹਿ ਗਈ। ਇੱਥੇ ਤਾਂ ਪੜ੍ਹੇ ਲਿਖੇ ਮੁੰਡੇ ਕੁੜੀਆਂ ਨੂੰ 8000 ਜਾਂ 8200 ਸੌ ਰੁਪਿਆ ਮਿਲਦਾ ਹੈ। ਜਿੰਨ੍ਹਾਂ ਨੂੰ ਕਿ ਘੱਟੋ-ਘੱਟ ਸਟਾਟਿੰਗ 15000 ਰੁਪੈ ਪ੍ਰਤੀ ਮਹੀਨਾ ਮਿਲਣਾ ਚਾਹੀਦਾ ਹੈ।

ਅੱਜ ਵੀ ਸਰਕਾਰਾਂ ਵੱਲੋਂ ਕਾਰਪੋਰੇਟ ਘਰਾਣਿਆਂ ਦਾ ਪੱਖ ਪੂਰਿਆਂ ਜਾਂਦਾ ਹੈ। ਉਹਨਾਂ ਦੇ ਲੱਖਾਂ ਹਜ਼ਾਰਾਂ ਕਰੋੜਾਂ ਦੇ ਕਰਜੇ ਮੁਆਫ ਕਰ ਦਿੱਤੇ ਜਾਂਦੇ ਹਨ ਤੇ ਗਰੀਬ ਮਜ਼ਦੂਰਾਂ, ਕਿਸਾਨਾਂ ਦੇ ਹਜ਼ਾਰਾ ਤੱਕ ਦੇ ਕਰਜ਼ੇ ਜਬਰਦਸਤੀ ਵਸੂਲੇ ਜਾਦੇ ਹਨ। ਨਾ ਦੇ ਸਕਣ ਵਾਲੇ ਮਜ਼ਦੂਰ ਕਿਸਾਨ ਖੁਦਕੁਸ਼ੀ ਕਰ ਜਾਂਦੇ ਹਨ। ਇਹ ਗੱਲ ਸਾਫ ਹੈ ਕਿ ਸਰਕਾਰਾਂ ਗਰੀਬਾਂ ਮਜ਼ਦੂਰਾਂ ਪ੍ਰਤੀ ਸੰਜੀਦਾ ਨਹੀ ਹਨ। ਇਹ ਲੋਕਾਂ ਨੂੰ ਮੁਫਤ ਵਿੱਦਿਆ ਨਹੀ ਦੇਣਗੇ,ਕਿਉਂਕਿ ਪੜ੍ਹ ਲਿਖ ਕੇ ਜਨਤਾ ਇਹਨਾਂ ਨੂੰ ਸੁਆਲ ਕਰੇਗੀ, ਆਪਣੇ ਹੱਕ ਮੰਗੇਗੀ। ਨਾ ਮਿਲਣ ਤੇ ਸੰਘਰਸ਼ ਦਾ ਰਾਹ ਫੜ੍ਹਨਗੇ। ਜੋ ਇਹ ਨਹੀ ਚਾਹੁੰਦੇ। ਮੁਫਤ ਡਾਕਟਰੀ ਸਹੂਲਤ ਨਹੀ ਦੇਣਗੇ। ਤਾਂ ਜੋ ਲੋਕ ਤੰਦਰੁਸਤ ਰਹਿ ਕੇ ਆਪਣੇ ਬਾਰੇ ਸੋਚਣਗੇ। ਜੇ ਬੀਮਾਰ ਰਹਿਣਗੇ ਤਾਂ ਉਹਨਾਂ ਨੂੰ ਚਿੰਤਾ ਲੱਗੀ ਰਹੇਗੀ। ਉਹ ਇੰਨ੍ਹਾਂ ਲੋਕਾਂ ਦੇ ਵਾਸਤੇ ਪਾਉਂਦੇ, ਤਰਲੇ ਪਾਉਂਦੇ ਇੰਨਾਂ ਦੇ ਅੱਗੇ ਪਿੱਛੇ ਹੱਥ ਜੋੜਦੇ ਫਿਰਨਗੇ। ਇਹ ਸਰਕਾਰਾਂ ਲੋਕਾਂ ਨੂੰ ਲਾਰੇ ਲਾ ਕੇ, ਝੂਠੇ ਸਬਜ਼ ਬਾਗ ਦਿਖਾ ਕੇ ਵੋਟਾਂ ਲੈ ਕੇ ਸੱਤਾ ਹਾਸਲ ਕਰਦੇ ਹਨ ਤੇ ਫਿਰ ਪੰਜ ਸਾਲ ਲਈ ਗਾਇਬ ਹੋ ਜਾਂਦੇ ਹਨ ਤੇ ਜਨਤਾ ਇਹਨਾਂ ਦੇ ਜ਼ੁਲਮਾਂ ਦਾ ਸ਼ਿਕਾਰ ਹੁੰਦੀ ਰਹਿੰਦੀ ਹੈ।

ਇਹ ਸਰਕਾਰਾਂ ਗਰੀਬ ਨੂੰ ਦੋ ਵਕਤ ਦੀ ਰੋਟੀ ਵਿੱਚ ਹੀ ਉਲਝਾਈ ਰੱਖਣਾ ਚਾਹੁੰਦੀਆਂ ਹਨ। ਉਹ ਚਾਹੁੰਦੀਆਂ ਹਨ ਕਿ ਇਹ ਗਰੀਬ ਲੋਕ, ਮਜ਼ਦੂਰ ਲੋਕ ਦੋ ਵਕਤ ਦੀ ਰੋਟੀ ਲਈ ਵੀ ਸਾਡੇ ਤਰਲੇ ਪਾਉਂਦੇ ਰਹਿਣ। ਅੱਜ ਵੀ ਪੂੰਜੀਪਤੀਆਂ ਦੇ ਹੱਕ ਵਿੱਚ ਸਰਕਾਰਾਂ ਖੜ੍ਹੀਆਂ ਹਨ। ਛੋਟੇ ਉਦਯੋਗਾਂ ਨੂੰ ਖਤਮ ਕਰਕੇ ਵੱਡੇ ਵਪਾਰੀਆਂ ਦਾ ਪੱਖ ਪੂਰ ਰਹੇ ਹਨ। ਕਿਉਂਕਿ ਉਹਨਾਂ ਵਿੱਚ ਇੰਨ੍ਹਾਂ ਦੀ ਸਿੱਧੇ ਜਾਂ ਅਸਿੱਧੇ ਤੌਰ ਤੇ ਹਿੱਸਾ ਪੱਤੀ ਹੁੰਦੀ ਹੈ। ਮਜ਼ਦੂਰਾਂ ਬਾਰੇ ਕੋਈ ਨਹੀ ਸੋਚਦਾ ਤੇ ਨਾ ਹੀ ਅਗਾਂਹ ਕਿਸੇ ਨੇ ਸੋਚਣਾ ਹੈ। ਆਪਣੇ ਹੱਕਾਂ ਦੀ ਪੂਰਤੀ ਲਈ ਸਾਨੂੰ ਆਪਣੇ ਪੈਰਾਂ ਤੇ ਆਪ ਹੀ ਖੜ੍ਹੇ ਹੋਣਾ ਪੈਣਾ ਹੈ। ਇਹ ਲੋਕਤੰਤਰ ਹੈ। ਇਹਨਾਂ ਤੋਂ ਹੱਕ ਲੈਣੇ ਹਨ ਤਾਂ ਸਭ ਤੋਂ ਪਹਿਲਾਂ ਸਿੱਖਿਅਤ ਹੋਣਾ ਜ਼ਰੂਰੀ ਹੈ। ਆਪਣੀ ਵੋਟ ਦਾ ਸਹੀ ਇਸਤੇਮਾਲ ਕਰਕੇ ਸਹੀ ਨੇਤਾ ਦੀ ਚੋਣ ਕਰੋ ਜੋ ਤੁਹਾਡੀ ਗੱਲ, ਤੁਹਾਡੀ ਮੰਗ, ਤੁਹਾਡੇ ਹੱਕ ਦੀ ਗੱਲ ਕਰਨਯੋਗ ਹੋਵੇ। ਸੋ ਆਉ ਇਸ ਮਈ ਦਿਵਸ ਤੇ ਇਹ ਪ੍ਰਣ ਕਰੀਏ ਕਿ ਆਪਣੇ ਹੱਕ ਲੈਣ ਲਈ ਇੱਕ ਝੰਡੇ ਥੱਲੇ ਇੱਕਠੇ ਹੋਈਏ, ਜਥੇਬੰਦ ਹੋਈਏ ਤੇ ਇੰਨ੍ਹਾਂ ਟੋਲਿਆਂ ਤੋਂ ਆਪਣੇ ਹੱਕ ਲੈ ਸਕੀਏ, ਕਿਉਂਕਿ ਹੱਕ ਮੰਗਿਆਂ ਨਹੀ ਮਿਲਦੇ ਉਹ ਤਾਂ------।



**-ਧਰਮਿੰਦਰ ਸਿੰਘ(ਚੱਬਾ), ਪਿੰਡ ਤੇ ਡਾਕ:ਚੱਬਾ, ਤਰਨਤਾਰਨ ਰੋਡ, ਅੰਮ੍ਰਿਤਸਰ-143022**

# ਏ.ਸੀ. ਦੇ ਨਜ਼ਾਰੇ ਮਾਣ ਕੇ ਮਨਾਇਆ ਗਿਆ ਮਜ਼ਦੂਰ ਦਿਵਸ



ਪੱਖੇ ਦੀ ਹਵਾ ਜਾਂ ਏ.ਸੀ. ਦੇ ਨਜ਼ਾਰੇ ਮਾਣ ਕੇ,
ਸੋਸ਼ਲ ਮੀਡੀਆ 'ਤੇ ਅੱਪਡੇਟਸ ਪਾ ਦੇਣਾ ਬੜਾ ਆਸਾਨ ਹੁੰਦਾਂ ਏ।
ਮਜ਼ਦੂਰ ਦਿਵਸ ਮੁਬਾਰਕਬਾਦ ਕਹਿਕੇ,
ਇੰਝ ਸਸਤੇ 'ਚ ਸੁਰਖ਼ੁਰੂ ਹੋ ਜਾਣਾ ਬੜਾ ਆਸਾਨ ਹੁੰਦਾ ਏ।
ਲੇਬਰ ਚੌਂਕ 'ਚ ਖੜ੍ਹੇ ਮਜ਼ਦੂਰਾਂ ਤੋਂ ਅੱਖ ਬਚਾਕੇ,
ਅੰਦਰ ਉਸੇ ਸ਼ਹਿਰ ਦੇ ਕਿਸੇ ਖ਼ਾਸ ਭਵਨ 'ਚ ਖ਼ਾਸ ਝੰਡਾ ਲਹਿਰਾਕੇ ਕਹਿਣਾ ਕਿ "ਦੁਨੀਆ ਭਰ ਦੇ ਮਜ਼ਦੂਰੋ ਇੱਕਠੇ ਹੋ ਜਾਓ" ਬੜਾ ਆਸਾਨ ਹੁੰਦਾਂ ਏ।
ਪਰ, ਮੁਆਫ਼ ਕਰਨਾ ਸਾਥੀਓ,
ਉਹਨਾਂ ਦੇ ਭੁੱਖੇ ਢਿੱਡਾਂ ਲਈ ਆਸਾਨ ਨਹੀਂ ਹੁੰਦਾ,
ਉਹੀ ਪਹਿਲਾਂ ਵਾਲਾਂ ਸਿਰਫ਼ ਭਾਸ਼ਣ ਸੁਣਨਾ,
ਜੋ ਉਹਨਾ ਦੇ ਬਜ਼ੁਰਗਾਂ ਦੀਆਂ ਉਮਰਾਂ ਖਾ ਗਿਆ।
ਉਹਨਾਂ ਦਾ ਢਿੱਡ ਤਾਂ ਦੋ ਵੇਲੇ,ਰੋਟੀ ਦੇ ਦੋ ਟੁੱਕ ਭਾਲ਼ਦਾ।
ਹਾਂ, ਸਾਇਦ ਇਹਨਾਂ ਕੁ ਜ਼ਰੂਰ ਆਸਾਨ ਹੁੰਦਾ ਏ,
ਉਹਨਾਂ ਲਈ ਕਿ ਮਜ਼ਦੂਰ ਦਿਵਸ ਦੀ ਛੁੱਟੀ ਕਰਕੇ,
ਉਹਨਾਂ ਦੇ ਬੱਚੇ ਵੀ ਜੁੜ ਜਾਂਦੇ ਨੇ ਉਹਨਾਂ ਨਾਲ਼ ਜ਼ਿੰਦਗੀ ਨੂੰ ਕੁੱਝ ਆਸਾਨ ਕਰਨ ਦੀ ਕੋਸ਼ਸ਼ 'ਚ...
ਉਹ ਵੀ ਸਿਖ਼ਰ ਦੁਪਹਿਰ ਦੀ ਉਸ ਧੁੱਪੇ,
ਜਦ ਏ.ਸੀ. ਦਫਤਰਾਂ ਅੰਦਰ ਠੰਢੇ ਪੀ ਕੇ, ਕਾਗ.ਜ਼ਾਂ 'ਤੇ ਖ਼ਬਰਾਂ ਲਿਖੀਆਂ ਜਾ ਰਹੀਆਂ ਹੁੰਦੀਆਂ ਨੇ ਕਿ ਅੱਜ ਵੱਖੋ- ਵੱਖ ਥਾਵਾਂ 'ਤੇ "ਮਜ਼ਦੂਰ ਦਿਵਸ" ਮਨਾਇਆ ਗਿਆ।

**-ਸੁਖਚੈਨ ਸਿੰਘ ਕੁਰੜ**

# (ਮਿੰਨੀ ਕਹਾਣੀ) ਤੂੜੀ ਦੀ ਪੰਡ

ਹਲੇ ! ਕੈਲੂ ਤੂੜੀ ਢੋਹਣ ਵਾਲਿਆਂ ਨਾਲ ਨਵਾਂ ਨਵਾਂ ਰਲਿਆ ਸੀ। ਤੂੜੀ ਦੀ ਪੰਡ ਸਿਰ ਤੇ ਚੁੱਕ ਕੈਲੂ ਪੌੜੀਆਂ ਚੜ੍ਹਦਾ ਜਾ ਰਿਹਾ ਸੀ। "ਗਾਮਿਆ ਫ਼ੜੀ ਕੇਰਾਂ, ਹਮ ਪੇ," ਕਹਿ ਕੈਲੂ ਨੇ ਤੂੜੀ ਦੀ ਪੰਡ ਸਿਰ ਤੋਂ ਲਾਹ ਟਰਾਲੀ ਵਿੱਚ ਸੁੱਟ ਦਿੱਤੀ। ਖਾਲੀ ਪੱਲੀ ਕੱਛ ਚ' ਲੈ ਕੈਲੂ ਥੱਲੇ ਉੱਤਰਿਆ। ਭਾਰੀ ਪੰਡ ਇੱਕ ਹੋਰ ਬੰਨੀ ਪਈ ਸੀ। "ਚੱਕ ਬਈ ਚੱਕ ਕੈਲੂ ਆ ਜਾ, ਛੇਤੀ ਕਰ", ਗੋਲੀ ਨੇ ਪੰਡ ਨੂੰ ਜੋਹਦੇ ਹੋਏ ਨੇ ਕਿਹਾ।

ਕੈਲੂ ਕਹਿਣ ਲੱਗਿਆ "ਓ ਠਹਿਰ ਜਾ ਯਾਰ," ਕੈਲੂ ਨੂੰ ਪਹਿਲੀ ਪੰਡ ਨੇ ਹੀ ਸ਼ੱਕੀ ਕਰ ਦਿੱਤਾ ਲੱਗਦਾ ਸੀ। ਉਹ ਪੰਡ ਚੱਕਣ ਨੂੰ ਤਿਆਰ ਨਹੀਂ ਸੀ। ਕੋਲੇ ਖੜੇ ਗਾਮੇ ਨੇ ਟਿੱਚਰ ਕੀਤੀ, "ਕੈਲਿਆ ਭੋਰਾ ਖਾ ਕੇ ਤਾਂ ਵੇਖ, ਇੱਕ ਨੀ ਦੋ ਦੋ ਪੰਡਾ ਚੱਕੇਗਾ।" ਪਰ ਕੈਲੂ ਨਸ਼ੇ ਤੋਂ ਸੌ ਕੋਹ ਦੂਰ ਸੀ। "ਨਾ ਬਈ ਨਾ, ਮੈਂ ਨੀਂ ਕੁਝ ਖਾਣਾ ਅੱਜ ਤਾਂ ਖਵਾ ਦੇਵੇਗਾ, ਤੇ ਕੱਲ ਨੂੰ," ਇਹ ਕਹਿ ਕੈਲੂ ਨੇ ਗਾਮੇ ਨੂੰ ਕਿਹਾ "ਚੱਲ ਚਕਾ ਪੰਡ" ਗੋਲੀ ਤੇ ਗਾਮੇ ਨੇ ਤੂੜੀ ਦੀ ਪੰਡ ਚੁੱਕ ਕੇ ਉਸ ਦੇ ਸਿਰ ਤੇ ਰੱਖ ਦਿੱਤੀ, ਕੈਲੂ ਪੂਰੇ ਜੋਸ਼ ਨਾਲ ਪੰਡ ਚੁੱਕ ਟਰਾਲੀ ਵਿੱਚ ਸੁੱਟ ਆਇਆ ਜਿਵੇਂ ਗਾਮੇ ਨੇ ਨਸ਼ੇ ਦਾ ਨਾਂ ਲੈ ਕਿ ਉਸ ਦੇ ਅੰਦਰ ਦੀ ਕੋਈ ਸ਼ਕਤੀ ਨੂੰ ਜਗਾ ਦਿੱਤਾ ਹੋਵੇ।

**-ਹਰਪ੍ਰੀਤ ਪੱਤੋ ਪਿੰਡ ਪੱਤੋ ਹੀਰਾ ਸਿੰਘ ਮੋਗਾ, ਫੋਨ ਨੰਬਰ 94658-21417**




ਮਾਲਕ, ਪ੍ਰਕਾਸ਼ਕ, ਪ੍ਰਿੰਟਰ ਤੇ ਸੰਪਾਦਕ ਸੁਦੇਸ਼ ਕੁਮਾਰ ਬੱਗਾ ਨੇ 'ਸਟਿੰਗ ਆਪ੍ਰੇਸ਼ਨ' ਦਾ ਇਹ ਅੰਕ ਪਲਮਗ ਪ੍ਰਿੰਟਰਜ਼, 448/13, ਅਵਤਾਰ ਨਗਰ, ਜਲੰਧਰ-144001 (ਪੰਜਾਬ) ਤੋਂ ਛਪਵਾ ਕੇ ਹਾਊਸ ਨੰ. 125, ਪਿੰਡ ਮਲਕੋ, ਡਾਕ. ਤਰਾੜ-144026, ਜ਼ਿਲ੍ਹਾ ਜਲੰਧਰ (ਪੰਜਾਬ) ਤੋਂ ਪ੍ਰਕਾਸ਼ਤ ਕੀਤਾ। RNI Regd. No. PUNMUL/2012/47956

मालिक, प्रकाशक, प्रिंटर्ज एवं सम्पादक सुदेश कुमार बग्गा ने 'स्टिंग आप्रेशन' का यह अंक पलमग प्रिंटरज, 448/13, अवतार नगर, जालन्धर-144001 (पंजाब) से छपवा कर हाऊस नं. 125, गांव मलको, डाकघर तराड़-144026, जिला जालन्धर (पंजाब) से प्रकाशित किया। RNI Regd. No. PUNMUL/2012/47956

Editor, Printers and Publisher Sudesh Kumar Bagga, Printed at Plamag Printers, 448/13, Avtar Nagar, Jalandhar-144001 (Punjab) and Published from H. No. 125 Vill. Malko, P.O. Trarh. Distt. Jalandhar (Punjab). RNI Regd. No. PUNMUL/2012/47956



☛ 'ਸਟਿੰਗ ਆਪ੍ਰੇਸ਼ਨ' 'ਚ ਪ੍ਰਕਾਸ਼ਿਤ ਸਮੱਗਰੀ ਅਤੇ ਹੋਰ ਵਾਦ-ਵਿਵਾਦ ਸੰਬੰਧੀ ਕੇਸਾਂ ਦਾ ਨਿਪਟਾਰਾ ਸਿਰਫ਼ ਜਲੰਧਰ ਕੋਰਟ ਵਿੱਚ ਹੀ ਹੋਵੇਗਾ। ☛ ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ। ☛ ਖ਼ਬਰਾਂ ਪ੍ਰਤੀ ਜ਼ਿੰਮੇਵਾਰੀ ਸੰਬੰਧਤ ਪੱਤਰਕਾਰ ਦੀ ਹੋਵੇਗੀ।

ਸਟਿੰਗ ਆਪ੍ਰੇਸ਼ਨ

e-mail : stingnews24@gmail.com
www.stingoperation.us

ਜਲੰਧਰ | ਵੀਰਵਾਰ, 2 ਮਈ 2024








# ਬੀਬੀ ਨਿਰਮਲ ਕੌਰ ਸੇਖੋਂ ਸ਼੍ਰੋਮਣੀ ਅਕਾਲੀ ਦਲ ਦੀ ਰਾਜਸੀ ਮਾਮਲਿਆਂ ਬਾਰੇ ਕਮੇਟੀ ਦੇ ਮੈਂਬਰ ਨਿਯੁਕਤ

**ਹੀਰਾ ਸਿੰਘ ਗਾਬੜੀਆ ਤੇ ਕਰਨੈਲ ਸਿੰਘ ਪੀਰਮੁਹੰਮਦ ਨੇ ਬੀਬੀ ਸੇਖੋਂ ਨੂੰ ਸੌਂਪਿਆ ਨਿਯੁਕਤੀ ਪੱਤਰ • ਬੀਬੀ ਨਿਰਮਲ ਕੌਰ ਸੇਖੋਂ ਨੇ ਪਾਰਟੀ ਹਾਈਕਮਾਂਡ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਾਰਟੀ ਵਲੋਂ ਸੌਂਪੀ ਗਈ ਜ਼ਿੰਮੇਵਾਰੀ ਨੂੰ ਪੂਰੀ ....**



ਨਵੀਂ ਦਿੱਲੀ, 1 ਮਈ (ਸੁਖਰਾਜ ਸਿੰਘ): ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਬੀਬੀ ਨਿਰਮਲ ਕੌਰ ਸੇਖੋਂ ਨੂੰ ਪਾਰਟੀ ਦਾ ਪੀ.ਏ.ਸੀ ਮੈਂਬਰ ਨਿਯੁਕਤ ਕੀਤਾ ਹੈ। ਬੀਬੀ ਨਿਰਮਲ ਕੌਰ ਸੇਖੋਂ ਪਿਛਲੇ ਡੇਢ ਦਹਾਕੇ ਤੋਂ ਪਾਰਟੀ ਦੀ ਸੇਵਾ ਕਰ ਰਹੇ ਹਨ ਅਤੇ ਇਸ ਦੌਰਾਨ ਉਹ ਵੱਖ-ਵੱਖ ਅਹੁਦਿਆਂ ਤੇ ਕੰਮ ਕਰ ਚੁੱਕੇ ਹਨ। ਬੀਬੀ ਸੇਖੋਂ ਨੂੰ 2013 ਵਿੱਚ ਉਹਨਾਂ ਦੀਆਂ ਪਾਰਟੀ ਪ੍ਰਤੀ ਸੇਵਾਵਾਂ ਨੂੰ ਮੁੱਖ ਰੱਖਦਿਆਂ ਇਸਤਰੀ ਅਕਾਲੀ ਦਲ ਚੰਡੀਗੜ੍ਹ ਦੇ ਜਥੇਬੰਦਕ ਸਕੱਤਰ ਦੀ ਜਿੰਮੇਵਾਰੀ ਦਿੱਤੀ ਗਈ ਸੀ ਅਤੇ 2015 ਵਿੱਚ ਉਹਨਾਂ ਨੂੰ ਇਸਤਰੀ ਅਕਾਲੀ ਦਲ ਚੰਡੀਗੜ੍ਹ ਦਾ ਪ੍ਰਧਾਨ ਬਣਾਇਆ ਗਿਆ ਤੇ 2017 ਵਿੱਚ ਉਹਨਾਂ ਨੂੰ ਮੁੜ ਇਸਤਰੀ ਅਕਾਲੀ ਦਲ ਚੰਡੀਗੜ੍ਹ ਦਾ ਪ੍ਰਧਾਨ ਬਣਾਇਆ ਗਿਆ ਤੇ 2019 ਵਿੱਚ ਇਸਤਰੀ ਅਕਾਲੀ ਦਲ ਦੇ ਜਨਰਲ ਸਕੱਤਰ ਦੀ ਜ਼ਿੰਮੇਵਾਰੀ ਦਿੱਤੀ ਗਈ ਜਿਸ ਤੋਂ ਬਾਅਦ ਹੁਣ ਪਾਰਟੀ ਵਲੋਂ ਉਹਨਾਂ ਨੂੰ ਅਹਿਮ ਜਿੰਮੇਵਾਰੀ ਦਿੰਦਿਆ ਪਾਰਟੀ ਦੀ ਰਾਜਸੀ ਮਾਮਲਿਆਂ ਬਾਰੇ ਕਮੇਟੀ ਦਾ ਮੈਂਬਰ ਬਣਾਇਆ ਗਿਆ ਹੈ ਅੱਜ ਸ਼੍ਰੋਮਣੀ ਅਕਾਲੀ ਦਲ ਦੀ ਕੋਰ ਕਮੇਟੀ ਦੇ ਮੈਂਬਰ ਅਤੇ ਸਾਬਕਾ ਕੈਬਨਿਟ ਮੰਤਰੀ ਜਥੇਦਾਰ ਹੀਰਾ ਸਿੰਘ ਗਾਬੜੀਆ, ਪਾਰਟੀ ਦੇ ਜਨਰਲ ਸਕੱਤਰ ਅਤੇ ਬੁਲਾਰੇ ਕਰਨੈਲ ਸਿੰਘ ਪੀਰਮੁਹੰਮਦ ਨੇ ਉਹਨਾਂ ਨੂੰ ਨਿਯੁਕਤੀ ਪੱਤਰ ਸੌਂਪਿਆਂ। ਇਸ ਮੌਕੇ ਉਹਨਾਂ ਦੇ ਨਾਲ ਜਰਨਲ ਸਕੱਤਰ ਗੁਰਜੀਤ ਸਿੰਘ ਤਲਵੰਡੀ, ਮੀਤ ਪ੍ਰਧਾਨ ਤੇ ਬੁਲਾਰਾ ਹਰਜੀਤ ਸਿੰਘ ਭੁੱਲਰ, ਜਿਲ੍ਹਾ ਪ੍ਰਧਾਨ ਐਸ.ਸੀ ਵਿੰਗ ਸੁਰਜੀਤ ਸਿੰਘ ਰਾਜਾ ਮੈਂਬਰ ਪੀ.ਏ.ਸੀ, ਜਗਰੂਪ ਸਿੰਘ ਚੀਮਾ ਮੈਂਬਰ ਪੀ.ਏ.ਸੀ, ਬਲਦੇਵ ਸਿੰਘ ਢਿੱਲੋਂ, ਸਲਾਹਕਾਰ ਗੁਰਮੁੱਖ ਸਿੰਘ ਸੰਧੂ, ਗੁਰਬਖਸ਼ ਸਿੰਘ ਸੇਖੋਂ, ਡਾ. ਕਾਰਜ ਸਿੰਘ ਧਰਮ ਸਿੰਘ ਵਾਲਾ, ਜਰਨਲ ਕੌਂਸਲ ਮੈਬਰ ਗਗਨਦੀਪ ਸਿੰਘ ਰਿਆੜ, ਜਰਨਲ ਕੌਂਸਲ ਮੈਂਬਰ ਬਲਬੀਰ ਸਿੰਘ ਕੁਠਾਲਾ ਵਿਸ਼ੇਸ਼ ਤੌਰ ’ਤੇ ਹਾਜਰ ਸਨ। ਇਸ ਮੌਕੇ ਬੀਬੀ ਨਿਰਮਲ ਕੌਰ ਸੇਖੋਂ ਨੇ ਪਾਰਟੀ ਹਾਈਕਮਾਂਡ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਾਰਟੀ ਵਲੋਂ ਸੌਂਪੀ ਗਈ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ ਤੇ ਪਾਰਟੀ ਦੀ ਮਜਬੂਤੀ ਲਈ ਵੱਧ ਚੜ੍ਹ ਕੇ ਕੰਮ ਕਰਨਗੇ। ਇਸ ਮੌਕੇ ਸਮੂਹ ਇਸਤਰੀ ਸੀਤਸੰਗ ਦੀਆਂ ਬੀਬੀਆਂ, ਪ੍ਰਧਾਨ ਬੀਬੀ ਹਰਦਿਆਲ ਕੌਰ ਗਰੇਵਾਲ, ਬੀਬੀ ਮਨਮੋਹਨ ਕੌਰ, ਬੀਬੀ ਅਰਵਿੰਦਰ ਕੌਰ, ਬੀਬੀ ਰਵਿੰਦਰ ਕੌਰ, ਬੀਬੀ ਸਤਵਿੰਦਰ ਕੌਰ ਤੇ ਲੋਕ ਭਲਾਈ ਜੱਥੇ ਦੇ ਚੇਅਰਮੈਨ ਬਾਬਾ ਬਲਵਿੰਦਰ ਸਿੰਘ ਮੌਜੂਦ ਸਨ।

# ਡਾ. ਕਾਰਜ ਸਿੰਘ ਧਰਮਸਿੰਘ ਵਾਲਾ ਨੂੰ ਸ਼੍ਰੋਮਣੀ ਅਕਾਲੀ ਦਲ ਨੇ ਬਣਾਇਆ ਸਲਾਹਕਾਰ

**ਪੀਰਮੁਹੰਮਦ, ਸੰਧੂ ਤੇ ਸੇਖੋਂ ਦੇ ਨਜ਼ਦੀਕੀ ਸਾਥੀ ਹਨ ਡਾ. ਕਾਰਜ ਸਿੰਘ ਧਰਮਸਿੰਘ ਵਾਲਾ • ਮੈਂ ਪਾਰਟੀ ਲਈ ਤਨ, ਮਨ ਤੇ ਧੰਨ ਨਾਲ ਦਿਨ-ਰਾਤ ਇਕ ਕਰਕੇ ਸੇਵਾ ਕਰਨਗੇ: ਡਾ. ਧਰਮਸਿੰਘ ਵਾਲਾ**



ਨਵੀਂ ਦਿੱਲੀ, 1 ਮਈ (ਸੁਖਰਾਜ ਸਿੰਘ): ਸ਼੍ਰੋਮਣੀ ਅਕਾਲੀ ਦਲ ਨੇ ਮੁੱਖ ਦਫ਼ਤਰ ਤੋਂ ਅੱਜ ਹੋਈਆਂ ਨਿਯੁਕਤੀਆਂ ਵਿੱਚ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਤੇ ਸ਼੍ਰੋਮਣੀ ਅਕਾਲੀ ਦਲ ਦੇ ਜਰਨਲ ਸਕੱਤਰ ਕਰਨੈਲ ਸਿੰਘ ਪੀਰਮੁਹੰਮਦ ਦੇ ਨਿਕਟਵਰਤੀ ਸਾਥੀ ਡਾ. ਕਾਰਜ ਸਿੰਘ ਧਰਮਸਿੰਘ ਵਾਲਾ ਨੂੰ ਸਲਾਹਕਾਰ ਨਿਯੁਕਤ ਕੀਤਾ ਹੈ।ਜਾਣਕਾਰੀ ਮੁਤਾਬਿਕ ਪਿਛਲੇ ਦੋ ਦਹਾਕਿਆਂ ਤੋਂ ਵੱਧ ਸਮੇਂ ਦੌਰਾਨ ਫੈਡਰੇਸ਼ਨ ਦੀਆਂ ਮੋਹਰਲੀਆਂ ਕਤਾਰਾਂ ਵਿੱਚ ਅਹਿਮ ਭੂਮਿਕਾ ਨਿਭਾਉਣ ਵਾਲਾ ਟਕਸਾਲੀ ਅਕਾਲੀ ਪਰਿਵਾਰਾਂ ਨਾਲ ਸਬੰਧਿਤ ਇਹਨਾਂ ਨੌਜਵਾਨਾਂ ਤੇ ਸੁਖਬੀਰ ਸਿੰਘ ਬਾਦਲ ਨੇ ਭਰੋਸਾ ਜਤਾਇਆ ਹੈ।ਇਹਨਾਂ ਦੋ ਨਿਯੁਕਤੀਆਂ ਨਾਲ ਹਲਕਾ ਜੀਰਾ ਸਮੇਤ ਪੰਜਾਬ ਤੇ ਦੇਸ-ਦੁਨੀਆਂ ਵਿੱਚ ਵੱਡੀ ਖੁਸੀ ਦਾ ਪ੍ਰਗਟਾਵਾ ਕੀਤਾ ਜਾ ਰਿਹਾ ਹੈ ਤੇ ਹੁਣ ਇਹ ਵੀ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਆਉਣ ਵਾਲੇ ਸਮੇਂ ਵਿੱਚ ਆਮ ਘਰਾਂ ਦੇ ਅਕਾਲੀ ਫੈਡਰੇਸ਼ਨ ਵਰਕਰਾਂ ਨੂੰ ਹੋਰ ਜਿੰਮੇਵਾਰੀਆ ਵੀ ਮਿਲਣਗੀਆਂ। ਇਸੇ ਦੌਰਾਨ ਡਾ. ਕਾਰਜ ਸਿੰਘ ਧਰਮਸਿੰਘ ਵਾਲਾ, ਗੁਰਮੁੱਖ ਸਿੰਘ ਸੰਧੂ ਤੇ ਗੁਰਬਖਸ਼ ਸਿੰਘ ਸੇਖੋਂ ਨੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ, ਪਾਰਟੀ ਦੇ ਸੀਨੀਅਰ ਆਗੂਆਂ ਬਲਵਿੰਦਰ ਸਿੰਘ ਭੂੰਦੜ, ਬਿਕਰਮ ਸਿੰਘ ਮਜੀਠੀਆਂ, ਡਾ. ਦਲਜੀਤ ਸਿੰਘ ਚੀਮਾ, ਚਰਨਜੀਤ ਸਿੰਘ ਬਰਾੜ, ਰਾਜਵਿੰਦਰ ਸਿੰਘ ਉਮੀਦਵਾਰ ਹਲਕਾ ਫਰੀਦਕੋਟ, ਗੁਰਚਰਨ ਸਿੰਘ ਗਰੇਵਾਲ, ਕਰਨੈਲ ਸਿੰਘ ਪੀਰਮੁਹੰਮਦ ਦਾ ਧੰਨਵਾਦ ਕਰਦਿਆਂ ਹਲਕਾ ਧਰਮਕੋਟ ਦੇ ਇੰਚਾਰਜ਼ ਬਰਜਿੰਦਰ ਸਿੰਘ ਬਰਾੜ ਅਤੇ ਸਮੁੱਚੀ ਅਕਾਲੀ ਲੀਡਰਸ਼ਿਪ ਨੂੰ ਪੂਰਨ ਤੌਰ ’ਤੇ ਭਰੋਸਾ ਦਿਵਾਇਆ ਕਿ ਉਹ ਪਾਰਟੀ ਲਈ ਤਨ, ਮਨ ਤੇ ਧੰਨ ਨਾਲ ਦਿਨ-ਰਾਤ ਇਕ ਕਰਕੇ ਸੇਵਾ ਕਰਨਗੇ।

**ਅਕਾਲੀ ਦੱਲ ਅੰਮ੍ਰਿਤਸਰ ਵੱਲੋਂ ਲੋਕ ਸਭਾ ਹਲਕਾ ਜਲੰਧਰ ਵਿਖੇ ਥੋਪਿਆ ਬਾਹਰੀ ਉਮੀਦਵਾਰ**

# ਪਾਰਟੀ ਵਰਕਰ ਡਟ ਕੇ ਕਰਨਗੇ ਵਿਰੋਧ : ਰਾਮ ਸਿੰਘ ਬੋਲੀਨਾ



ਜਲੰਧਰ, 1 ਮਈ (ਪ੍ਰਭਸਿਮਰਨ ਪਾਲ ਸਿੰਘ)- ਅਕਾਲੀ ਦੱਲ ਅੰਮ੍ਰਿਤਸਰ ਦੇ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਨੂੰ ਲੋਕ ਸਭਾ 2024 ਦੀਆ ਹੋ ਰਹੀਆ ਇਲੈਕਸ਼ਨ ਵਿੱਚ ਅਪੀਲ ਕੀਤੀ ਜਾਦੀ ਹੈ ਕਿ ਜਲੰਧਰ ਹਲਕੇ ਦੇ ਵਰਕਰਾ ਦੀਆ ਭਾਵਨਾਵਾ ਨੂੰ ਸਮਝਦੇ ਹੋਏ ਲੋਕ ਸਭਾ ਦੀ ਇਲੈਕਸ਼ਨ ਹਲਕੇ ਦੇ ਵਰਕਰ ਨੂੰ ਹੀ ਲੜਾਉਣੀ ਚਾਹੀਦੀ ਹੈ ਨਾ ਕਿ ਕਿਸੇ ਬਾਹਰੀ ਉਮੀਦਵਾਰ ਨੂੰ ।ਕੇਵਲ ਉਹੀ ਉਮੀਦਵਾਰ ਮੋਹਰੇ ਕਰਨਾ ਚਾਹੀਦਾ ਹੈ ਜੋ ਹਲਕੇ ਨੂੰ ਚੰਗੀ ਤਰਾ ਜਾਣਦਾ ਹੋਵੇ ।ਪਾਰਟੀ ਦੀ ਜਿਲਾ ਇਕਾਈ ਨੂੰ ਵਰਕਰ ਸਵਾਲ ਕਰਦੇ ਹਾ ਇੰਨੇ ਸਾਲਾ ਵਿੱਚ ਕੋਈ ਐਸ ਸੀ ਸਮਾਜ ਦਾ ਵਰਕਰ ਜੋੜ ਨਹੀ ਪਾਏ ਜਾ ਅੱਗੇ ਵਧਣ ਨਹੀ ਦੇਣਾ ਚਾਹੁੰਦੇ। ਇਹਨਾ ਵਿਚਾਰਾ ਦਾ ਪ੍ਰਗਟਾਵਾ ਉੱਘੇ ਸਮਾਜ ਸੇਵਕ ਅਤੇ ਪ੍ਰਧਾਨ ਪੰਚਾਇਤ ਯੂਨੀਅਨ ਜਲੰਧਰ ਵਲੋ ਕੀਤਾ ਗਿਆ। ਉਹਨਾ ਦੇ ਪਿਤਾ ਸਵ.ਸ.ਨਿਰਮਲ ਸਿੰਘ ਬੋਲੀਨਾ ਜੋ ਅਕਾਲੀ ਦੱਲ ਅੰਮ੍ਰਿਤਸਰ ਨਾਲ ਮੁੱਢ ਤੋ ਜੁੜੇ ਰਹੇ ਤੇ ਚਾਰ ਬਾਰ ਐਮ ਐਲ ਏ ਦੀ ਤੇ ਇੱਕ ਵਾਰ ਪਾਰਟੀ ਟਿਕਟ ਤੇ ਇਲੈਕਸ਼ਨ ਲੜੀ ਦੇ ਪਰਵਾਰ ਨੂੰ ਇੱਗਨੋਰ ਕੀਤਾ ਗਿਆ । ਜਿਸਦਾ ਜਿਲਾ ਲੀਡਰ ਸ਼ਿੱਪ ਵਲੋ ਤਿੱਖਾ ਵਿਰੋਧ ਕੀਤਾ ਜਾ ਰਿਹਾ ਹੈ । ਨੌ ਵਿਧਾਨ ਸਭਾ ਦੇ ਵਰਕਰਾ ਨਾਲ ਸਲਾਹ ਮਸ਼ਵਰਾ ਕਰਨ ਉਪਰੰਤ ਅਗਲੀ ਰਣਨੀਤੀ ਤਿਆਰ ਕੀਤੀ ਜਾਵੇਗੀ ।

## ਇੱਕ ਨਜ਼ਰ



# ਨਗਰ ਕੌਂਸਲ ਵਿਖੇ ਸ਼ਿਕਾਗੋ ਦੇ ਸ਼ਹੀਦਾਂ ਦੀ ਯਾਦ ਵਿੱਚ ਮਜ਼ਦੂਰਾਂ ਵੱਲੋਂ ਮਈ ਦਿਵਸ ਮਨਾਇਆ

ਮਾਛੀਵਾੜਾ ਸਾਹਿਬ, 1 ਮਈ ( ਕੇਵਲ ਸਿੰਘ ਕੱਦੋਂ)- ਨਗਰ ਕੌਂਸਲ ਮਾਛੀਵਾੜਾ ਸਾਹਿਬ ਵਿਖੇ ਪ੍ਰਧਾਨ ਸ਼ਮਸ਼ੇਰ ਸਿੰਘ ਦੀ ਪ੍ਰਧਾਨਗੀ ਹੇਠ 1886 ਈਸਵੀ ਨੂੰ ਸ਼ਿਕਾਗੋ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ। ਝੰਡਾ ਲਹਿਰਾਉਣ ਦੀ ਰਸਮ ਪ੍ਰਧਾਨ ਸ਼ਮਸ਼ੇਰ ਸਿੰਘ, ਪੰਜਾਬ ਸੀਟੂ ਦੇ ਸੂਬਾ ਮੀਤ ਪ੍ਰਧਾਨ ਪੰਜਾਬ ਪਰਮਜੀਤ ਸਿੰਘ ਨੀਲੋਂ ਵਲੋਂ ਅਦਾ ਕੀਤੀ ਗਈ।ਇਸ ਸਮੇਂ ਪਰਮਜੀਤ ਸਿੰਘ ਨੀਲੋਂ ਅਤੇ ਸ਼ਮਸ਼ੇਰ ਸਿੰਘ ਪ੍ਰਧਾਨ ਵੱਲੋਂ ਮਈ ਦਿਵਸ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ ਕੀਤੀ ਗਈ। ਆਗੂਆਂ ਨੇ ਕਿਹਾ ਕਿ ਅਜ ਮਜ਼ਦੂਰ ਦਿਵਸ ਕੀ ਸਾਡੇ ਦੇਸ਼ ਵਿੱਚ ਮਜ਼ਦੂਰ ਨੂੰ ਉਸ ਦੁਆਰਾ ਕੀਤੀ ਖ਼ੂਨ ਪਸੀਨੇ ਦੀ ਸਖ਼ਤ ਮਿਹਨਤ ਅਨੁਸਾਰ ਮਜ਼ਦੂਰੀ ਸਹੀ ਮਿਲਦੀ ਹੈ ਸਾਡੇ ਦੇਸ਼ ਵਿੱਚ ਕੋਈ ਪ੍ਰਕਾਰ ਦੇ ਮਜ਼ਦੂਰਾਂ ਹਨ। ਜਿਹਨਾਂ ਵਿੱਚ ਪੜੇ ਲਿਖੇ ਅਤੇ ਅਨਪੜ ਮਜ਼ਦੂਰ ਹਨ। ਜ਼ਿਆਦਾਤਰ ਮਜ਼ਦੂਰਾਂ ਦੀ ਇਨਕਮ ਬਹੁਤ ਘੱਟ ਹੈ। ਜਿਸ ਤਰ੍ਹਾਂ ਸਾਡੇ ਦੇਸ਼ ਵਿੱਚ ਮਹਿਗਾਈ ਤੇ ਭ੍ਰਿਸ਼ਟਾਚਾਰੀ ਵੱਡੇ ਪੱਧਰ ਤੇ ਪੈਰ ਪਸਾਰ ਰਹੀ ਹੈ।ਸਾਡਾ ਦੇਸ਼ ਵਾਸੀਆਂ ਦਾ ਫਰਜ਼ ਬਣਦਾ ਹੈ ਕਿ ਇਸ ਦੂਰੀ ਨੂੰ ਘੱਟ ਕੀਤਾ ਜਾਵੇ, ਮਜ਼ਦੂਰ ਦੀ ਲੇਬਰ ਘੱਟ ਤੋਂ ਘੱਟ 1000 ਰੁਪਏ ਪ੍ਰਤੀ ਦਿਨ ਹੋਣੀਂ ਚਾਹੀਦੀ ਹੈ। ਜਿਸ ਨਾਲ ਉਹ ਆਪਣੇ ਪਰਿਵਾਰ ਦਾ ਪਾਲਣ ਪੋਸ਼ਣ ਬਹੁਤ ਸੋਖੇ ਤਰੀਕੇ ਨਾਲ ਕਰ ਸਕੇ। ਮਜ਼ਦੂਰ ਆਪਣਾਂ ਜੀਵਨ ਬਹੁਤ ਕਠਿਨਾਈਆਂ ਨਾਲ ਬਤੀਤ ਕਰਦਾ ਹੈ। ਸਾਡੇ ਦੇਸ਼ ਦੇ ਬਹੁਤ ਮਜ਼ਦੂਰਾਂ ਆਪਣੇ ਬੱਚਿਆਂ ਨੂੰ ਸਹੀ ਸਿਹਤ ਸਹੂਲਤਾਂ ਅਤੇ ਸਿਖਿਆ ਤੋਂ ਵਾਂਝੇ ਰਹਿ ਜਾਂਦੇ ਹਨ। ਸਰਕਾਰ ਨੂੰ ਮਜ਼ਦੂਰਾਂ ਨੂੰ ਵੱਧ ਤੋਂ ਵੱਧ ਸਿਹਤ ਸਹੂਲਤਾਂ, ਸਿਖਿਆ ਦਾ ਧਿਆਨ ਰੱਖਣਾ ਚਾਹੀਦਾ ਹੈ। ਤਾਂ ਕਿ ਮਜ਼ਦੂਰਾਂ ਵੀ ਆਪਣਾਂ ਜੀਵਨ ਚੰਗੇ ਤਰੀਕੇ ਨਾਲ ਵਿਸਾਰ ਕਰ ਸਕੇ। ਨੀਲੋਂ ਨੇ ਕਿਹਾ ਕਿ ਚਾਰ ਕੋਡ ਖ਼ਤਮ ਕਰਕੇ ਲੇਬਰ ਕਾਨੂੰਨ ਲਾਗੂ ਕਰਕੇ ਸ਼ਿਕਾਗੋ ਦੇ ਸ਼ਹੀਦਾਂ ਵਲੋਂ 8 ਘੰਟੇ ਕੰਮ ਕਾਨੂੰਨ ਲਾਗੂ ਕੀਤਾ ਜਾਵੇ ਅਤੇ 12ਘੰਟੇ ਕੰਮ ਵਾਲਾਂ ਕਾਨੂੰਨ ਰੱਦ ਕੀਤਾ ਜਾਵੇ। ਅਤੇ ਬਰਾਬਰ ਕੰਮ ਬਰਾਬਰ ਤਨਖਾਹ ਦਿੱਤਾ ਜਾਵੇ। ਸਕੀਮਾਂ ਵਰਕਰਾਂ ਪੇਂਡੂ ਚੌਂਕੀਦਾਰਾ, ਆਂਗਣਵਾੜੀ ਵਰਕਰਾਂ, ਆਸਾਂ ਵਰਕਰਾਂ,ਮਿਡ ਡੇ ਮੀਲ ਕੁੱਕ ਨੂੰ ਰੈਗਲੂਰ ਕੀਤਾ ਜਾਵੇ। ਇਸ ਸਮੇਂ ਪ੍ਰਧਾਨ ਸ਼ਮਸ਼ੇਰ ਸਿੰਘ , ਅਜੇ ਕੁਮਾਰ,ਰਵੀ ਕੁਮਾਰ ਬਾਲੀ,ਪਾਰਸ, ਜੋਗਿੰਦਰ ਪਾਮੇ, ਸਤਪਾਲ ਪਾਮੇ, ਅਸ਼ੋਕ ਭਾਗਣ, ਸੰਜੀਵ ਕੁਮਾਰ ,ਰਵੀ ਬੈਦ,ਮਨੋਜ ਬਾਲੀ, ਸਤਪਾਲ ਕੁਮਾਰ, ਰਾਕੇਸ਼ ਬੈਦ, ਸੁਰਿੰਦਰਪਾਲ ਸਿੰਘ, , ਦੇਵਕੀ ਨੰਦਨ ਬਿੰਦਰ ਕੁਮਾਰ, ਕੁਲਦੀਪ ਸਿੰਘ, ਮਨਦੀਪ ਸਿੰਘ, ਰਣਧੀਰ ਸਿੰਘ ਭੱਟੀ, ਸਰਬਜੀਤ ਸਿੰਘ, ਗਗਨਦੀਪ ਸਿੰਘ, ਕੁਲਦੀਪ ਸਿੰਘ, ਜੋਗੀ ਸਿੰਘ, ਜਗਜੀਤ ਸਿੰਘ,ਗੋਰਵ ਪਾਮੇ,ਪਵਨ ਕੁਮਾਰ,ਅਰਜਨ ਸਿੰਘ , ਜਸਵੀਰ ਸਿੰਘ,ਰਾਜ ਕੁਮਾਰ, ਦਰਸ਼ਨ ਲਾਲ,ਵਿੱਕੀ ਸਹੋਤਾ, ਪ੍ਰੇਮ ਬਹਾਦਰ,ਲਾਲੀ ਸਿੰਘ, ਕੁਲਦੀਪ ਸਿੰਘ ਸੀਵਰੇਜਮੈਨ, ਕਵਿਤਾ, ਸੀਮਾ ਰਾਣੀ,ਨੀਲੂ, ਪੂਜਾ ਰਾਣੀ,ਨੀਤੂ ਰਾਣੀ,ਰੇਖਾ ਰਾਣੀ, ਪਰਮਜੀਤ ਕੌਰ ਹਾਜ਼ਰ ਸਨ।

# ਸ਼ਿਕਾਗੋ ਦੇ ਸ਼ਹੀਦਾਂ ਦੀ ਯਾਦ ਵਿੱਚ ਮਜ਼ਦੂਰਾਂ ਵੱਲੋਂ ਮਈ ਦਿਵਸ ਮਨਾਇਆ



ਮਾਛੀਵਾੜਾ ਸਾਹਿਬ, 1 ਮਈ (ਕੇਵਲ ਸਿੰਘ ਕੱਦੋਂ)- ਅੱਜ ਇੱਥੇ ਰਿਕਸ਼ ਯੂਨੀਅਨ 1886 ਈਸਵੀ ਨੂੰ ਸ਼ਿਕਾਗੋ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ। ਝੰਡਾ ਲਹਿਰਾਉਣ ਦੀ ਰਸ਼ਮ ਲੋਕ ਸ਼ੰਘਰਸ਼ ਕਮੇਟੀ ਮਾਛੀਵਾੜਾਸਾਹਿਬ ਦੇ ਪ੍ਰਧਾਨ ਦਰਸ਼ਨ ਸਿੰਘ ਮਿੱਠੂ ਨੇ ਅਦਾਹ ਕੀਤੀ ਤੇ ਮਈ ਦਿਵਸ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ ਕੀਤੀ ਗਈ। ਆਗੂਆਂ ਨੇ ਕਿਹਾ ਕਿ ਅਜ ਮਜ਼ਦੂਰ ਦਿਵਸ ਕੀ ਸਾਡੇ ਦੇਸ਼ ਵਿੱਚ ਮਜ਼ਦੂਰ ਨੂੰ ਉਸ ਦੁਆਰਾ ਕੀਤੀ ਖ਼ੂਨ ਪਸੀਨੇ ਦੀ ਸਖ਼ਤ ਮਿਹਨਤ ਅਨੁਸਾਰ ਮਜ਼ਦੂਰੀ ਸਹੀ ਮਿਲਦੀ ਹੈ ਸਾਡੇ ਦੇਸ਼ ਵਿੱਚ ਕੋਈ ਪ੍ਰਕਾਰ ਦੇ ਮਜ਼ਦੂਰਾਂ ਹਨ। ਜਿਹਨਾਂ ਵਿੱਚ ਪੜੇ ਲਿਖੇ ਅਤੇ ਅਨਪੜ ਮਜ਼ਦੂਰ ਹਨ। ਜ਼ਿਆਦਾਤਰ ਮਜ਼ਦੂਰਾਂ ਦੀ ਇਨਕਮ ਬਹੁਤ ਘੱਟ ਹੈ। ਜਿਸ ਤਰ੍ਹਾਂ ਸਾਡੇ ਦੇਸ਼ ਵਿੱਚ ਮਹਿਗਾਈ ਤੇ ਭ੍ਰਿਸ਼ਟਾਚਾਰੀ ਵੱਡੇ ਪੱਧਰ ਤੇ ਪੈਰ ਪਸਾਰ ਰਹੀ ਹੈ।ਸਾਡਾ ਦੇਸ਼ ਵਾਸੀਆਂ ਦਾ ਫਰਜ਼ ਬਣਦਾ ਹੈ ਕਿ ਇਸ ਦੂਰੀ ਨੂੰ ਘੱਟ ਕੀਤਾ ਜਾਵੇ, ਮਜ਼ਦੂਰ ਦੀ ਲੇਬਰ ਘੱਟ ਤੋਂ ਘੱਟ 1000 ਰੁਪਏ ਪ੍ਰਤੀ ਦਿਨ ਹੋਣੀਂ ਚਾਹੀਦੀ ਹੈ। ਜਿਸ ਨਾਲ ਉਹ ਆਪਣੇ ਪਰਿਵਾਰ ਦਾ ਪਾਲਣ ਪੋਸ਼ਣ ਬਹੁਤ ਸੋਖੇ ਤਰੀਕੇ ਨਾਲ ਕਰ ਸਕੇ। ਮਜ਼ਦੂਰ ਆਪਣਾਂ ਜੀਵਨ ਬਹੁਤ ਕਠਿਨਾਈਆਂ ਨਾਲ ਬਤੀਤ ਕਰਦਾ ਹੈ। ਸਾਡੇ ਦੇਸ਼ ਦੇ ਬਹੁਤ ਮਜ਼ਦੂਰਾਂ ਆਪਣੇ ਬੱਚਿਆਂ ਨੂੰ ਸਹੀ ਸਿਹਤ ਸਹੂਲਤਾਂ ਅਤੇ ਸਿਖਿਆ ਤੋਂ ਵਾਂਝੇ ਰਹਿ ਜਾਂਦੇ ਹਨ। ਸਰਕਾਰ ਨੂੰ ਮਜ਼ਦੂਰਾਂ ਨੂੰ ਵੱਧ ਤੋਂ ਵੱਧ ਸਿਹਤ ਸਹੂਲਤਾਂ, ਸਿਖਿਆ ਦਾ ਧਿਆਨ ਰੱਖਣਾ ਚਾਹੀਦਾ ਹੈ। ਤਾਂ ਕਿ ਮਜ਼ਦੂਰਾਂ ਵੀ ਆਪਣਾਂ ਜੀਵਨ ਚੰਗੇ ਤਰੀਕੇ ਨਾਲ ਵਿਸਾਰ ਕਰ ਸਕੇ। ਨੀਲੋਂ ਨੇ ਕਿਹਾ ਕਿ ਚਾਰ ਕੋਡ ਖ਼ਤਮ ਕਰਕੇ ਲੇਬਰ ਕਾਨੂੰਨ ਲਾਗੂ ਕਰਕੇ ਸ਼ਿਕਾਗੋ ਦੇ ਸ਼ਹੀਦਾਂ ਵਲੋਂ 8 ਘੰਟੇ ਕੰਮ ਕਾਨੂੰਨ ਲਾਗੂ ਕੀਤਾ ਜਾਵੇ ਅਤੇ 12ਘੰਟੇ ਕੰਮ ਵਾਲਾਂ ਕਾਨੂੰਨ ਰੱਦ ਕੀਤਾ ਜਾਵੇ। ਅਤੇ ਬਰਾਬਰ ਕੰਮ ਬਰਾਬਰ ਤਨਖਾਹ ਦਿੱਤਾ ਜਾਵੇ। ਸਕੀਮਾਂ ਵਰਕਰਾਂ ਪੇਂਡੂ ਚੌਂਕੀਦਾਰਾ, ਆਂਗਣਵਾੜੀ ਵਰਕਰਾਂ, ਆਸਾਂ ਵਰਕਰਾਂ,ਮਿਡ ਡੇ ਮੀਲ ਕੁੱਕ ਨੂੰ ਰੈਗਲੂਰ ਕੀਤਾ ਜਾਵੇ। ਇਸ ਮੌਕੇ ਹਰਜਿੰਦਰ ਸਿੰਘ ਪ੍ਰਧਾਨ ਰਿਕਸ਼ਾ ਯੂਨੀਅਨ , ਬਾਬਾ ਮੰਗਾ , ਰਾਮ ਰਤਨ , ਮਛਿੰਦਰ ਸਿੰਘ ਪ੍ਰਧਾਨ ਟੈਕਸੀ ਯੂਨੀਅਨ , ਮਸਤਾ ਰਾਮ ਸੀਟੂ , ਸੁਖਦੇਵ ਸਿੰਘ ਭੱਟੀ ਕਿਸਾਨ ਯੂਨੀਅਨ , ਹੈਪੀ ਫਲਾਵਰ ਹਾਉਸ , ਜਸਪਾਲ ਸਿੰਘ , ਤਿਵਾੜੀ ਆਦਿ ਹਾਜ਼ਰ ਸਨ।

### ਟੈਕਨੀਕਲ ਸਰਵਿਸ ਯੂਨੀਅਨ ਬਹਿਰਾਮਪੁਰ ਵੱਲੋਂ

# ਮਜ਼ਦੂਰ ਦਿਵਸ ਦੇ ਸ਼ਹੀਦਾਂ ਨੂੰ ਸ਼ਰਧਾਜਲੀ ਭੇਟ ਕੀਤੀ ਗਈ





**ਦੀਨਾਨਗਰ, 01 ਮਈ (ਰਵਿੰਦਰ ਸਿੰਘ ਬਾਹਮਣੀ)**- ਟੈਕਨੀਕਲ ਸਰਵਿਸ ਯੂਨੀਅਨ ਬਹਿਰਾਮਪੁਰ ਸ/ਡ ਵੱਲੋਂ ਅੱਜ ਸ਼ਹੀਦਾਂ ਨੂੰ ਯਾਦ ਕਰਦਿਆਂ ਸ਼ਰਧਾਂਜਲੀ ਭੇਂਟ ਕੀਤੀ ਗਈ ਅਤੇ ਝੰਡੇ ਦੀ ਰਸਮ ਸ /ਡ ਪ੍ਰਧਾਨ ਰਮਨ ਕੁਮਾਰ ਵੱਲੋਂ ਝੰਡਾ ਚੜਾ ਕੇ ਨਿਭਾਈ ਗਈ ਜਿਸ ਵਿੱਚ ਸੰਜੀਵ ਸੈਣੀ ਸਰਕਲ ਪ੍ਰਧਾਨ ਅਤੇ ਸੰਜੀਵ ਸ਼ਰਮਾ ਮੰਡਲ ਪ੍ਰਧਾਨ ਅਤੇ ਸਰਕਲ ਆਗੂ ਵਿਸ਼ੇਸ਼ ਤੌਰ ਤੇ ਪਹੁੰਚੇ।ਆਗੂਆਂ ਵੱਲੋਂ ਦੱਸਿਆ ਗਿਆ ਕਿ ਸ਼ਿਕਾਗੋ ਦੇ ਸ਼ਹੀਦਾਂ ਵੱਲੋਂ ਦਿਹਾੜੀ ਦਾ ਸਮਾਂ 8 ਘੰਟੇ ਕਰਵਾਇਆ ਗਿਆ ਅਤੇ ਮਜ਼ਦੂਰਾਂ ਲਈ ਬਹੁਤ ਘਾਲਣਾ ਕੀਤੀ ਗਈ, ਬਹੁਤ ਸੰਘਰਸ਼ ਲੜੇ। ਜਿਸ ਦਾ ਅੱਜ ਸਮਾਜ ਨਿੱਘ ਮਾਣ ਰਿਹਾ ਹੈ ਪਰ ਮੌਕੇ ਦੀਆਂ ਸਰਕਾਰਾਂ ਵੱਲੋਂ ਇਹ ਦਿਹਾੜੀ 12 ਘੰਟੇ ਦੀ ਕਰਨ ਜਾ ਰਹੇ ਹਨ ਜਿਸ ਲਈ ਸਾਥੀਆਂ ਨੂੰ ਲਾਮਬੰਦ ਕੀਤਾ ਜਾ ਰਿਹਾ ਹੈ। ਝੰਡੇ ਦੀ ਰਸਮ ਵਿੱਚ ਰਕੇਸ਼ ਕੁਮਾਰ ਸਕੱਤਰ, ਧਰਮ ਸਿੰਘ, ਰਾਜਨ ਸੈਣੀ, ਵਿਜੇ ਕੁਮਾਰ, ਸ਼ਸ਼ੀ ਕੁਮਾਰ, ਅਮਨਦੀਪ ਕੁਮਾਰ, ਪਵਨ ਕੁਮਾਰ, ਸੁਖਬੀਰ ਸਿੰਘ, ਜੰਗ ਬਹਾਦਰ, ਰਮੇਸ਼ ਕੁਮਾਰ ਆਦਿ ਸਾਥੀ ਹਾਜਰ ਸਨ।

### आदर्श वृद्ध आश्रम झाखोलाहड़ी पठानकोट ने दिया

# एक और वृद्धि बाप को सहारा






**पठानकोट, 1 अप्रैल ( विजय कुमार जिला ब्यूरो चीफ )**- बुजुर्ग पिता सरदार कुलदीप सिंह श्री पुत्र सरदार धर्म सिंह श्री शहर अमृतसर नजदीक खालसा कॉलेज एवेन्यू के रहने वाले हैं 7 उन्होंने बताया कि मेरा कोई भी परिवार नहीं है । मेरी पत्नी थी ।वह किसी गंभीर बीमारी के साथ लड़ती हुई इस दुनिया से चलाना कर गई । उसके बाद मेरे घर वालों ने भी मुझे घर रखने से इनकार कर दिया। मेरे भाइयों और बहनों ने मिलकर मेरी सारी जमीन ,ज्यादात ,अपने नाम कर ली । और मुझे घर से निकाल दिया। बहुत समय पहले की बात है। जब मेरा अपना अच्छा बिजनेस चलता था। ट्रांसपोर्ट का काम हमारा अपना हुआ करता था । लेकिन समय के साथ ऐसी घटना घटी। की मेरा आज सब कुछ खत्म हो गया । और उम्र ज्यादा होने से मैं अपनी देखभाल खुद नहीं कर सकता। मुझे किसी न किसी सहारे की जरूरत होती है । इसलिए मैं आपकी शरण में आया हूं। मेरी आपसे अनुरोध है । कि आप हमें इस वृद्धि घर में रहने की अनुमति दो । ताकि मैं अपना बाकी बची जिंदगी, जीवन अच्छे से व्यतीत कर सकूं। उन्होंने यह भी बताया । कि मैं पिछले कई वर्षों से अलग-अलग वृद्धि घरों में रह रहा था। लेकिन मुझे वहां किसी ने भी अपना नहीं समझा । और मुझे जिस चीज की जरूरत थी। जिस प्यार की आवश्यकता थी वह मुझे किसी ने नहीं दी ।अब मैं आपके इस वृद्धि घर में रहने के लिए आया हूं ।मुझे उम्मीद है । कि आप मुझे इस घर में रहने की अनुमति दे दो । ताकि मैं अपना जीवन जहां पर खुशी-खुशी बतीत कर सकू। सारी बात सुनने के बाद आश्रम अध्यक्षता अंजली शर्मा और आश्रम अध्यक्ष सतनाम सिंह जी ने वृद्ध घर में रहने की आज्ञा दे दी। इस समय आश्रम समूह सटाफ सविता ,कुलविंदर कौर, तरसेम लाल ,सुखविंदर कौर, शिवानी, सरोज वाला ,रमेश चंद्र ,प्रिया चंद देव, आदि उपस्थित थे।

## ਕਵਿਤਾ/ਗੀਤ



# ਕਰ ਅਕਲ ਦੀ ਗੱਲ, ਹਾਕਮਾਂ !

### - ਲਾਲ ਸਿੰਘ ਸੁਲਹਾਣੀ

ਕਰ ਅਕਲ ਦੀ ਗੱਲ,ਹਾਕਮਾਂ !
ਤੱਕ ਲੈ ਲੋਕਾਂ ਵੱਲ ਹਾਕਮਾਂ।
ਝੂਠੇ ਵਾਅਦੇ ਕਸਮਾਂ ਖਾ
ਬੈਠਾ ਕੁਰਸੀ ਮੱਲ, ਹਾਕਮਾਂ !

ਪੰਦਰ੍ਹਾਂ ਲੱਖ ਅਸਾਡੇ ਖਾਤੇ,
ਕਦੋਂ ਰਿਹਾ ਏਂ ਘੱਲ, ਹਾਕਮਾਂ !

ਨਸਲਵਾਦ ਦੀ ਫ਼ਸਲ ਬੀਜ ਕੇ,
ਪਾ ਦਿੱਤਾ ਤਰਥੱਲ, ਹਾਕਮਾਂ !

ਚੜ੍ਹਦੀ ਜਾਂਦੀ ਕਾਂਗ ਜ਼ੁਲਮ ਦੀ,
ਕਦੋਂ ਪਊਗੀ ਠੱਲ੍ਹ, ਹਾਕਮਾਂ !

ਤੇਰੀ ਸ਼ਿਹ 'ਤੇ ਭੂਤ-ਮੰਡਲੀ,
ਰੋਜ਼ ਖਿਲਾਰੇ ਝੱਲ, ਹਾਕਮਾਂ !

ਜੇ ਨਾ ਟਲੂ ਖਰੂਦੀ ਲਾਣਾ,
ਲੋਕ ਲੈਣਗੇ ਠੱਲ੍ਹ, ਹਾਕਮਾਂ !

ਰੋਹ ਜਦੋਂ ਵਿਦਰੋਹ ਬਣ ਗਿਆ,
ਫਿਰ ਨਿੱਕਲੂ ਕੋਈ ਹੱਲ,ਹਾਕਮਾਂ !

ਚੱਲ ਪਏ ਨਾ ਝੁੱਗੀ ਦੀ ਅੱਗ,
ਉੱਚਿਆਂ ਭਵਨਾਂ ਵੱਲ ,ਹਾਕਮਾਂ !

'ਲਾਲ' ਜੱਦੀ ਨੀ ,'ਲੋਕ ਰਾਜ' ਐ,
ਅੱਜ ਗਿਆ ਕਿ ਕੱਲ੍ਹ, ਹਾਕਮਾਂ !

--ਪੇਸ਼ਕਸ਼ ✶--
**ਵਿਜੇ ਕੁਮਾਰ**
**ਜਿਲੇਦਾਰ ਸੇਵਾ ਮੁਕਤ**
ਬਿਊਰੋ ਚੀਫ ਸਟਿੰਗ ਆਪ੍ਰੇਸ਼ਨ ਅਖ਼ਬਾਰ, ਪਠਾਨਕੋਟ

ਸਟਿੰਗ ਆਪ੍ਰੇਸ਼ਨ
Jalandhar
STING OPERATION
(Daily Newspaper & Web Channel)
ਦੇਸ਼-ਵਿਦੇਸ਼ ਅਤੇ ਪੰਜਾਬ ਦੇ ਹਰ ਕਸਬੇ ਤੋਂ ਪੱਤਰਕਾਰਾਂ ਦੀ ਲੋੜ ਹੈ
--- : Contact :---
90416-59160
stingnews24@gmail.com

## ਕਵਿਤਾ/ਗੀਤ



# ਕਰ ਅਕਲ ਦੀ ਗੱਲ, ਹਾਕਮਾਂ !

### ਹੀਰ ਕਲਾਨੌਰ 9041881941

ਸਮਾਜ ਵਿੱਚ ਸੱਪ ਘੁੱਮ ਦੇ
ਜੋ ਅੰਦਰੋਂ ਜ਼ਿਹਰ ਨਾਲ ਭਰੇ
ਸਮਾਜ ਵਿੱਚ ਸੱਪ ਘੁੱਮ ਦੇ - - 2

ਰੰਗ ਅਤੇ ਨਸਲਾਂ ਨੇ ਭਾਵੇਂ ਵੱਖੋ ਵੱਖ ਜੀ
ਡੰਗ ਮਾਰੂ ਨੀਤੀ ਨਾਲ ਰੱਖ ਦੇ ਨੇ ਅੱਖ ਜੀ
ਡੱਡੀ ਮੱਛੀ ਖਾਣ ਵਾਲੀ ਥਾਂ ਸੁੰਘਦੇ
ਸਮਾਜ ਵਿੱਚ ਸੱਪ ਘੁੱਮ ਦੇ - - 2
ਜੋ ਅੰਦਰੋਂ ਜ਼ਿਹਰ ਨਾਲ ਭਰੇ।

ਵੋਟਾਂ ਵੇਲੇ ਆਪਣੀ ਇਹ ਕੁੰਜ ਨੇ ਉਤਾਰਦੇ
ਪੈਸੇ ਲੈਕੇ ਆਪਣੇ ਹੀ ਆਪ ਨੂੰ ਸਵਾਰ ਦੇ
ਦਗੇਬਾਜ ਹਰ ਇੱਕ ਦੇ ਪੈਰ ਚੁੰਮ ਦੇ
ਸਮਾਜ ਵਿੱਚ ਸੱਪ ਘੁੱਮ ਦੇ - - 2
ਜੋ ਅੰਦਰੋਂ ਜ਼ਿਹਰ ਨਾਲ ਭਰੇ।
ਜੇ ਕਰਦੇ ਹਾਂ ਗੱਲ ਅੱਗੋਂ ਸਾਨੂੰ ਫੰਨਕਾਰਦੇ

ਸਾਡੇ ਕੋਲੋਂ ਦੁੱਧ ਪੀਕੇ ਸਾਨੂੰ ਡੰਗ ਮਾਰਦੇ
ਦੋਗਲੀਆਂ ਨੀਤੀਆਂ ਨੂੰ ਸਭ ਅਸੀਂ ਜਾਣਦੇ
"ਹੀਰ" ਕਿਹੜੇ ਬੱਚੇ ਅਸੀਂ ਅੰਗੂਠਾ ਚੁੰਘਦੇ

ਸਮਾਜ ਵਿੱਚ ਸੱਪ ਘੁੱਮ ਦੇ
ਜੋ ਅੰਦਰੋਂ ਜ਼ਿਹਰ ਨਾਲ ਭਰੇ
ਸਮਾਜ ਵਿੱਚ ਸੱਪ ਘੁੱਮ ਦੇ - -2

--ਪੇਸ਼ਕਸ਼ ✶--
**ਵਿਜੇ ਕੁਮਾਰ**
**ਜਿਲੇਦਾਰ ਸੇਵਾ ਮੁਕਤ**
ਬਿਊਰੋ ਚੀਫ ਸਟਿੰਗ ਆਪ੍ਰੇਸ਼ਨ ਅਖ਼ਬਾਰ, ਪਠਾਨਕੋਟ

आप की अपनी आवाज
दैनिक
# स्टिंग आप्रेशन
Postal Regd. No. PB/JL-067/2024-26
RNI Regd. No. PUNMUL/2012/47956
www.stingoperation.us, E-mail : stingnews24@gmail.com
STING OPERATION
(Newspaper & Web Channel)
जालन्धर, वीरवार, 2 मई 2024
वर्ष-13, अंक नं. -79, मुख्य सम्पादक : सुदेश कुमार बग्गा मो. (+91) 90416-59160, 94177-17088, सहायक सम्पादक : राकेश भटेजा



मोदी को तीसरी बार पी.एम. बनाने के लिए

## अमरीका में हुआ हवन



## न्यूयॉर्क से शिकागो तक 'स्वाहा' की गूंज

भारत में चल रहे लोकसभा चुनाव के दौरान मोदी को लगातार तीसरी बार प्रधानमंत्री बनाने के लिए अमरीका में हवन कार्यक्रम का आयोजन किया गया। न्यूयॉर्क से लेकर शिकागो तक और न्यूजर्सी, वर्जीनिया, मैरीलैंड जैसे तमाम अमरीकी शहर स्वाहा की धुन से गुंजायमान हो उठे....

**स्टिंग आप्रेशन की विशेष रिपोर्ट**



Rakesh Bhatheja
Sen. Assistant Editor
Daily Sting Operation
98722-53436

भारत में चल रहे लोक सभा चुनाव 2024 के मद्देनजर मोदी को लगातार तीसरी बार पीएम बनाने के लिए अमरीका के विभिन्न शहरों में हवन-पूजा का कार्यक्रम आयोजित किया गया। सभी लोगों ने फिर से मोदी के पीएम बनने के लिए ईश्वर से दुआएं मांगी। यह कार्यक्रम अमरीका के विभिन्न शहरों में भारतीय जनता पार्टी (भाजपा) के सैकड़ों समर्थकों की ओर से किया गया। सभी ने भारत में हो रहे लोकसभा चुनाव में सत्तारूढ़ दल और प्रधानमंत्री नरेन्द्र मोदी की जीत के लिए सप्ताहांत पर हवन का आयोजन किया। 'ओवरसीज फ्रैंड्स ऑफ बीजेपी-यूएसए' (ओ.एफ.बी.जे.पी.-यू.एस.ए.) द्वारा न्यूजर्सी, न्यूयॉर्क, वर्जीनिया, मैरीलैंड और शिकागो में रविवार को यह हवन आयोजित किए गए। संगठन ने एक बयान में बताया कि ये पवित्र अनुष्ठान आध्यात्मिक शक्ति उत्पन्न करते हैं और प्रधानमंत्री मोदी के नेतृत्व में समृद्ध भारत के लिए भाजपा के दृष्टिकोण का समर्थन करने के हमारे सामूहिक दृढ़ संकल्प का प्रतीक हैं। ओ.एफ.बी.जे.पी.-यू.एस.ए. के ए.प्रसाद ने कहा कि यह भारत की प्रगति और विकास के प्रति हमारी अटूट प्रतिबद्धता की गहन अभिव्यक्ति है। भारतीय-अमरीकी पेशेवर, उद्यमी और शिकागो के निवासी पवित्र हवन में भाग लेने के लिए शहर के उपनगरीय इलाके में स्थित एक हिंदू मंदिर में एकत्रित हुए।

Sting Operation
NEWSPAPER & WEB CHANNEL
Contact 90416-59160
Exclusive

### भाजपा की बड़ी जीत के लिए किया शतचंडी हवन

**भाजपा की शानदार जीत के लिए सामूहिक प्रार्थना के रूप** में शतचंडी हवन आयोजित किया गया। ओ.एफ.बी.जे.पी. के एन.आर.आई. (अनिवासी भारतीय) समर्थक वर्जीनिया के फेयरफैक्स में श्री वेंकटेश्वर लोटस मंदिर में गणपति होम करने के लिए एकत्रित हुए और भारत की भलाई और समृद्धि के लिए प्रार्थना की। बयान में कहा गया है कि उन्होंने भारत में हो रहे आम चुनाव में मोदी और भाजपा की जीत के लिए भगवान गणेश का आशीर्वाद मांगा। लॉस एंजिलिस, ऑस्टिन, डेट्रॉइट और रैले से भी इसी तरह के हवन की सूचना है।

## कांग्रेस के पूर्व विधायक दलबीर गोल्डी आम आदमी पार्टी में शामिल



**पंजाब के जिला संगरूर के कांग्रेस अध्यक्ष** और पूर्व विधायक दलबीर सिंह गोल्डी ने बुधवार को आम आदमी पार्टी का दामन थाम लिया। उन्होंने मंगलवार को कांग्रेस से इस्तीफा दिया था। मुख्यमंत्री भगवंत मान ने बुधवार को कांग्रेस के संगरूर जिला अध्यक्ष व पूर्व विधायक दलबीर सिंह गोल्डी को आप में शामिल करवाया। कांग्रेस में सेंध लगाकर मुख्यमंत्री ने चुनाव में संगरूर से आप की दावेदारी मजबूत की है। बताया जाता है कि मान ने तिहाड़ जेल में दिल्ली के मुख्यमंत्री अरविंद केजरीवाल से मुलाकात के दौरान इस दांव पेंच पर भी चर्चा की थी। मुलाकात के बाद खुद सीएम मान ने कहा था कि केजरीवाल ने संगरूर का हाल-चाल खास तौर पर पूछा है जिससे संकेत मिले थे कि संगरूर में कुछ सियासी उथल-पुथल हो सकती है। आम आदमी पार्टी, संगरूर संसदीय सीट को हर हाल में जीतना चाहती है। इस सीट से पार्टी की ही नहीं बल्कि खुद मुख्यमंत्री भगवंत मान की भी प्रतिष्ठा जुड़ी है।



## स्कूलों में बम की धमकी के उपरांत

## दिल्ली के सभी स्कूलों की जांच पूरी, कहीं कुछ नहीं मिला, पुलिस अभी भी सतर्क

**स्टिंग आप्रेशन की विशेष रिपोर्ट**



Nitin Chadha
Ass. Joint Editor
Daily Sting Operation

बुधवार की सुबह से देश की राजधानी दिल्ली में अफरा-तफरी का माहौल अब शांत हो रहा है। दिल्ली- एन.सी.आर. क्षेत्र के करीब 100 से अधिक स्कूलों को मिली बम की धमकी वाली ईमेल के बाद पुलिस और बम स्क्वाड द्वारा लगातार जांच अभियान चलाया जा रहा था। हालांकि, अब दिल्ली पुलिस ने साफ कर दिया है कि सभी स्कूलों की जांच पूरी हो गई है और किसी स्कूल ल में कुछ भी संदिग्ध नहीं मिला। यानी की ये ईमेल होक्स थ्रेट थे। इस घटना के बाद केंद्रीय एजैंसियां भी एक्टिव हो गई हैं। पूरे मामले पर गृह मंत्रालय ने कहा है कि लोगों को घबराने की जरूरत नहीं है। ऐसा लगता है कि यह फर्जी कॉल है। दिल्ली पुलिस और सुरक्षा एजैंसियां प्रोटोकॉल के मुताबिक जरूरी कदम उठा रही हैं। वहीं, दिल्ली पुलिस ने कहा है कि आज सुबह मिली स्कूलों में बम की सूचना पर पुलिस ने त्वरित कार्रवाई करते हुए प्राथमिक जांच में कुछ भी संदिग्ध नहीं पाया है। दिल्ली पुलिस मौके पर पहुंच कर जांच कर रही है और परिस्थिति पूरी तरह नियंत्रण में हैं। आप सभी से अनुरोध है कि कानून पर भरोसा रखें और शांति बनाए रखें। इससे पहले भी कई बार बम की धमकियां मिल चुकी हैं। हालांकि, इस बार धमकी मास लेवल पर है। इसलिए मेल भेजने वाले को लेकर केंद्रीय एजैंसियां भी एक्टिव हुई हैं। डोमेन की भाषा रशिया की लग रही है। धमकी भेजने वाले ईमेल का सर्वर आईपी एड्रैस पता करने की कोशिश जारी है। ईमेल भेजने वाले को लोकेट करना बहुत आसान नहीं है।

**इंटरपोल की मदद ली जाएगी**

जांच एजैंसियों को शक है कि ईमेल भेजने के लिए जिस आई.पी. एड्रैस का इस्तेमाल हुआ, उसका सर्वर विदेश में मौजूद है। ये भी शक है कि ई-मेल भेजने के लिए एक ही आई.पी. एड्रैस का इस्तेमाल किया गया। इसमें किसी विदेशी संगठन के होने का भी शक है। इस कारण दिल्ली पुलिस धमकी भरे ईमेल के मामले की जांच के लिए इंटरपोल की मदद लेने जा रही है। नोएडा-गाजियाबाद-दिल्ली पुलिस एक साथ मिलकर जांच को आगे बढ़ा रही है।

## 27 साल से 'संत' के भेष में ऋषिकेश में रह रहा था हत्यारा, पुलिस टीम ने भंडारे में प्रसाद बांटा, फिर हुआ गिरफ्तार

**नई दिल्ली। स्टिंग आप्रेशन ब्यूरो**

दिल्ली पुलिस ने हत्या के एक मामले में 27 साल से फरार चल रहे 77 वर्षीय व्यक्ति को उत्तराखंड के ऋषिकेश से गिरफ्तार किया है। पुलिस ने बताया कि वह अपनी पहचान छुपाने के लिए संत के भेष में विभिन्न धार्मिक स्थानों पर शरण ले रहा था। आरोपी की पहचान टिल्लू उर्फ रामदास के रूप में हुई है। पुलिस के अनुसार, 4 फरवरी 1997 को तुगलकाबाद एक्सटेंशन में किशन लाल नाम के एक व्यक्ति की उसके बहनोई टिल्लू और रामू नामक व्यक्ति ने हत्या कर दी थी। 5 मई 1997 को टिल्लू और रामू दोनों को अपराधी घोषित कर दिया गया। पुलिस उपायुक्त अमित गोयल ने कहा कि एक पुलिस टीम को विभिन्न जघन्य मामलों के वांछित-फरार आरोपियों और पैरोल जंपर्स का पता लगाने का काम सौंपा गया था, जब हत्या के मामले में वांछित टिल्लू की पहचान की गई। डी. सी.पी. ने कहा कि पुलिस टीम ने जानकारी को आगे बढ़ाया और परिवार के सदस्यों और करीबी रिश्तेदारों के मोबाइल नंबर जुटाए। गहन तकनीकी विश्लेषण के बाद एक मोबाइल नंबर पर खास ध्यान दिया गया, जो बार-बार अपनी लोकेशन बदल रहा था और उसका कोई स्थायी स्थान नहीं था। लोकेशन हिस्ट्री से यह पता चला कि मोबाइल नंबर के उपयोगकर्ता की लोकेशन ज्यादातर हरिद्वार और ऋषिकेश उत्तराखंड में धार्मिक स्थलों के पास थी। यह भी पता चला कि यह संदिग्ध व्यक्ति एक संत बन गया था और देशभर के मंदिरों में जाता था और विभिन्न धर्मशालाओं में रहता था।



## ये क्या हो रहा है?

## कांग्रेस को झटके पर झटके अरविन्द्र सिंह लवली के बाद

## 2 पूर्व विधायकों ने दिया इस्तीफा

**नई दिल्ली। स्टिंग आप्रेशन ब्यूरो**

दिल्ली कांग्रेस को एक और बड़ा झटका लगा है। कांग्रेस प्रदेश अध्यक्ष अरविंदर सिंह लवली के बाद कांग्रेस के 2 पूर्व विधायकों भी इस्तीफा दे दिया है। इस्तीफा में उदित राज के बयान और आप-कांग्रेस गठबंधन को लेकर नाराजगी जाहिर की गई है। कांग्रेस के पूर्व विधायक नीरज बसोया और नसीब सिंह ने पार्टी की प्राथमिक सदस्यता से इस्तीफा दे दिया है। उन्होंने अपने पत्र में लिखा है कि आप के साथ हमारा गठबंधन जारी रहना बेहद अपमानजनक है, क्योंकि पिछले सात वर्षों में आप कई घोटालों में शामिल रही है। आप के शीर्ष तीन नेता अरविंद केजरीवाल, सत्येंद्र जैन और मनीष सिसोदिया पहले से ही जेल में हैं। आप पर दिल्ली में शराब घोटाला और दिल्ली जल बोर्ड घोटाला जैसे कई मुद्दों पर गंभीर भ्रष्टाचार के आरोप लगे हैं।

### पूर्व विधायक नसीब सिंह ने पत्र में ये लिखा है

कांग्रेस के पूर्व विधायक नसीब सिंह ने पत्र में लिखा कि आज आपने देवेंद्र यादव को डीपीसीसी प्रमुख नियुक्त किया है। उन्होंने एआईसीसी (पंजाब प्रभारी) के रूप में पंजाब में अरविंद केजरीवाल के झूठे एजेंडे पर हमला करने के लिए एक अभियान चलाया है। आज दिल्ली में उन्हें आप और उसके प्रमुख अरविंद केजरीवाल की प्रशंसा और समर्थन करने का काम सौंपा जाएगा। पार्टी में हाल ही में हुए घटनाक्रम से बेहद दुखी और अपमानित होकर मैं पार्टी से इस्तीफा देता हूं।



## Labour Day 2024



### फूलों की बारिश से लेकर पैर धुलने तक

# पी.एम. मोदी ने किया श्रमिकों का सम्मान

देश के प्रधानमंत्री नरेंद्र मोदी अपने 10 वर्षों के कार्यकाल में कई बार देश के श्रमिकों को सम्मान देते हुए देखे गए हैं। आज 1 मई को मजदूर दिवस के मौके पर हम जानेंगे पी.एम. के कुछ ऐसे ही कदमों के बारे में...

**स्टिंग आप्रेशन की विशेष रिपोर्ट**



**Sumit Bhateja**
Joint Editor
Daily Sting Operation

Exclusive

1 मई की तारीख को पूरी दुनिया मजदूर-श्रमिक दिवस के रूप में मनाती है। ये दिवस दुनिया भर के मजदूरों की हक की आवाजों को बुलंद करने के मकसद से मनाया जाता है। दुनिया में इसे 1 मई 1889 तो वहीं, भारत में इस दिवस की शुरुआत सबसे पहले चेन्नई में साल 1923 में हुई थी। भारत के प्रधानमंत्री नरेंद्र मोदी ने भी कई बार मजदूरों का सम्मान किया है। कई बार देखने को मिला है कि पी.एम. मोदी ने श्रमिकों पर फूल बरसाए और पैर भी धोए हैं। साल 2019 में प्रयागराज में भव्य स्तर कुंभ का आयोजन किया गया था। इस आयोजन के बाद पीएम मोदी ने सफाई कर्मचारियों के पांव धुले थे। पीएम मोदी ने कहा था कि स्वच्छ कुंभ के आयोजन में इन सफाई कर्मचारियों का महत्वपूर्ण योगदान था। पीएम का ऐसा करने का मकसद लोगों के मन में सफाई करने वाले कर्मचारियों के प्रति लोगों की सोच बदलने के तौर पर भी देखा गया था। पीएम के इस कदम का प्रभाव 2019 के लोकसभा चुनाव में भी देखने को मिला था। दिसम्बर 2021 में प्रधानमंत्री नरेंद्र मोदी ने काशी कॉरिडोर के निर्माण में लगे श्रमिकों का सम्मान किया था। उन्होंने कॉरिडोर का निर्माण करने वाले श्रमिकों के ऊपर फूल बरसाए थे और उनके साथ लंच भी किया था। इसके बाद पीएम मोदी ने श्रमिकों के साथ फोटो सेशन भी करवाया। यहां पीएम के लिए अलग से कुर्सी रखी गई थी जिसे उन्होंने हटवा दिया और श्रमिकों के साथ जमीन पर बैठकर फोटो क्लिक करवाई।


Sting Operation
NEWSPAPER & WEB CHANNEL
Contact 90416-59160


## राम मंदिर के श्रमिकों का सम्मान

22 जनवरी 2024 को उत्तर प्रदेश के अयोध्या में भव्य राम मंदिर का उद्घाटन किया गया था। इस मंदिर का निर्माण करने वाले श्रमिकों को भी पीएम मोदी ने सम्मान दिया था। पीएम मोदी ने राम मंदिर की प्राण प्रतिष्ठा समारोह के आयोजन के बाद मंदिर निर्माण में लगे श्रमिकों का सम्मान किया और उन पर फूलों की बारिश की थी।

## नई संसद के श्रमिक बने विशेष अतिथि

हाल ही में देश की नई संसद का निर्माण कार्य पूरा हुआ है। नए संसद के उद्घाटन पर पी.एम. मोदी ने इसका निर्माण करने वाले श्रमिकों से मुलाकात की थी। उन्होंने 11 श्रमिकों को सम्मानित भी किया था। इतना ही नहीं सैंट्रल विस्टा प्रोजैक्ट के तहत कर्तव्य पथ का निर्माण करने वाले मजदूरों को पीएम मोदी ने 26 जनवरी के गणतंत्र दिवस समारोह में विशेष अतिथि के तौर पर भी बुलाया था। पीएम ने समारोह के बाद श्रमिकों के पास जाकर उनका सम्मान और अभिवादन किया था।



# कोलंबिया यूनिवर्सिटी की बिल्डिंग पर छात्रों ने किया कब्जा, पुलिस ने खदेड़ा

**न्यूयार्क। स्टिंग आप्रेशन ब्यूरो**

एक तरफ जहां हमास और इजराइल के बीच जंग जारी है तो वहीं अमेरिका में इसके विरोध की आग बढ़ती जा रही है। अमेरिका में छात्र इजराइल के विरोध में सड़कों पर उतर आए हैं। हालात बद से बदतर होते जा रहे हैं। इस बीच पुलिस भी एक्शन मोड में नजर आ रही है। न्यूयॉर्क स्थित कोलंबिया विश्वविद्यालय के हैमिल्टन हॉल में जमा हुए 30 से 40 फलस्तीन समर्थक प्रदर्शनकारियों को पुलिस ने मंगलवार रात परिसर से हटा दिया। प्रदर्शनकारी दिन के वक्त इस प्रशासनिक इमारत में इकट्ठा हो गए थे, जिसके बाद पुलिस बुलानी पड़ी। विश्वविद्यालय के कर्मियों ने कहा कि परिसर में सुरक्षा सुनिश्चित करने और व्यवस्था बहाल करने का कोई दूसरा विकल्प नहीं था जिसके बाद उन्होंने पुलिस से मदद मांगी। इसके बाद न्यूयॉर्क पुलिस के अधिकारियों ने यह कार्रवाई की। इस पूरी घटना के बाद अब पुलिस 17 मई तक परिसर में मुस्तैद रहेगी क्योंकि इस दिन विश्वविद्यालय के नए शैक्षणिक सत्र की तैयारियां समाप्त हो रही हैं। पिछले महीने कोलंबिया में प्रदर्शनों की शुरुआत हुई थी, जो अब कैलिफोर्निया से लेकर मैसाचुसेट्स तक फैल गए हैं। जैसे-जैसे मई में नए शैक्षणिक सत्र की शुरुआत का समय नजदीक आ रहा है, विश्वविद्यालय प्राधिकारियों को प्रदर्शनकारियों को हटाने के लिए एड़ी चोटी का जोर लगाना पड़ रहा है।

## पुलिस ने उखाड़ दिए तम्बू

**दरअसल, फलस्तीन समर्थक प्रदर्शनकारियों के प्रशासनिक** इमारत पर कब्जे को हटाने के लिए सैकड़ों की संख्या में पुलिस अधिकारी कोलंबिया विश्वविद्यालय में घुसे और प्रदर्शनकारियों के तंबू उखाड़ फैंके। हैल्मेट पहने और दंगों के दौरान प्रयोग किए जाने वाले सुरक्षा कवच हाथों में लिए पुलिसकर्मी मंगलवार रात नौ बजे विश्वविद्यालय के आइवी लीग प्रवेश द्वार से परिसर में घुसे, जिसके बाद परिसर का पूरा नजारा ही बदल गया। बड़ी संख्या में प्रदर्शनकारियों को पकड़ा गया और बसों द्वारा परिसर से बाहर ले जाया गया। प्रदर्शनकारियों ने 12 घंटे से ज्यादा समय तक हैमिल्टन हॉल पर कब्जा किया हुआ था। उन्होंने करीब दो सप्ताह पहले मैदान में तंबू लगाकर प्रदर्शन शुरू किया था। गौरतलब है कि, पिछले दो सप्ताह में टैक्सास, वर्जीनिया, उत्तरी कैरोलिना, न्यू मैक्सिको, कनैक्टिकट, लुइसियाना, कैलिफोर्निया और न्यू जर्सी सहित राज्यों के विश्वविद्यालय परिसरों से एक हजार से अधिक प्रदर्शनकारियों को गिरफ्तार किया गया है, जिनमें से कुछ को दंगा भड़काने के लिए पुलिस के साथ टकराव के बाद गिरफ्तार किया गया।



### चीन ने समंदर में उतारा अपना 'ब्रह्मास्त्र'

# शुरू किया सबसे एडवांस एयरक्राफ्ट कैरियर का परीक्षण

**बीजिंग। स्टिंग आप्रेशन ब्यूरो**

चीन ने अपने तीसरे विमानवाहक पोत 'फुजियान' का बुधवार को पहला समुद्री परीक्षण शुरू किया। 'फुजियान' को सबसे उन्नत घरेलू युद्धपोत बताया जा रहा है। विवादित दक्षिण चीन सागर और ताइवान जलडमरूमध्य में अमेरिका के साथ बढ़ते तनाव के बीच बीजिंग ने अपनी नौसैनिक शक्ति को बढ़ाते हुए इस युद्धपोत का परीक्षण शुरू किया है। इस विमानवाहक पोत से चीन की समुद्री शक्ति बढ़ेगी। सरकार के स्वामित्व वाली शिन्हुआ समाचार एजैंसी की खबर के अनुसार, यह युद्धपोत समुद्री परीक्षण के लिए बुधवार सुबह शंघाई जियांगनान शिपयार्ड से रवाना हुआ। परीक्षण के दौरान विमान वाहक की प्रोपल्शन पावर, विद्युत प्रणालियों की विश्वसनीयता समेत स्थिरता की जांच की जाएगी। फुजियान को जून 2022 में पानी में उतारा गया था, जिसने नौबंध परीक्षण, उपकरण समायोजन और अन्य दूसरे जरूरी परीक्षण पूरे कर लिए हैं। युद्धपोत ने समुद्री परीक्षण के लिए जरूरी तकनीकी आवश्यकताएं भी पूरी की हैं। परीक्षण से पहले चीन ने यांगत्जे नदी के मुहाने के आसपास समुद्री यातायात पर नियंत्रण लगा दिया है। खबर के मुताबिक, यातायात नियंत्रण नौ मई तक रहेगा। इससे पहले मिली आधिकारिक खबरों के अनुसार, चीन ने विवादित दक्षिण चीन सागर और ताइवान जलडमरूमध्य में वर्ष 2035 तक पांच से छह विमान वाहक पोत तैनात करने की योजना बनाई है।

**चीन का अन्य देशों से है विवाद**

बीजिंग, दक्षिण चीन सागर के अधिकांश हिस्से पर अपने कब्जे का दावा करता है तो वहीं ताइवान जलडमरूमध्य चीन की मुख्य भूमि को ताइवान से अलग करता है। इतना ही नहीं चीन, हिंद महासागर में भी अपनी शक्ति को बढ़ा रहा है। वर्तमान में दक्षिण चीन सागर में चीनी नौसेना का अमेरिका समर्थित फिलीपींस के नौसैनिक जहाजों के साथ गतिरोध जारी है। फिलीपींस, दक्षिण चीन सागर में सैकेंड थॉमस टापू पर अपना दावा जताने की कोशिश कर रहा है जबकि चीन इसका कड़ा विरोध कर रहा है। चीन, दक्षिण चीन सागर के अधिकांश हिस्से पर अपना दावा करता है। वहीं फिलीपींस, मलेशिया, ब्रुनेई और ताइवान चीन के इस दावे का सख्ती से विरोध करते हैं।

# लंदन में सिरफिरे ने मचाया आतंक, तलवार से लोगों पर किया हमला; मारा गया 13 साल का लड़का

**लंदन। स्टिंग आप्रेशन ब्यूरो**

ब्रिटेन की राजधानी लंदन से दिलदहला देने वाली खबर सामने आई है। यहां हैनॉल्ट इलाके के पास मंगलवार को एक सिरफिरे ने लोगों पर तलवार से हमला कर दिया। इस घटना में 13 साल के एक लड़के की मौत हो गई, जबकि कई लोगों के घायल होने की खबर है। पुलिस ने तुरंत कार्रवाई करते हुए आरोपी सख्स को गिरफ्तार कर लिया है। पुलिस ने घटना के बार में जानकारी देते हुए बताया कि इसका आतंकवाद से को कोई संबंध नहीं है। इस घटना में घायल हुए लोगों को अस्पताल में भर्ती कराया गया है। न्यूज एजैंसी ए.एफ.पी. की रिपोर्ट के अनुसार, मैट्रोपॉलिटन पुलिस ने कहा कि तलवार लिए शख्स ने कई लोगों पर तलवार किया। हमला करने वाले शख्स को मौके से गिरफ्तार किया गया है। सोशल मीडिया पर पोस्ट किए गए वीडियो फुटेज और तस्वीरों में एक शख्स घरों के पास सड़क पर देखा जा सकता है, जिसके हाथ में तलवार है। मैट्रोपॉलिटन पुलिस के डिप्टी असिस्टैंट कमिश्नर एडे एडेलकन ने कहा, इस वारदात में जो लोग पीड़ित हुए, उनके लिए यह भयानक घटना है। मुझे पता है कि बड़ी संख्या में लोग चिंतित महसूस कर रहे हैं, लेकिन हम नहीं मानते कि यह कोई आतंकी घटना है।

# दुनिया की सबसे नई मुद्रा बनी जिम्बाब्वे की 'जिग', आर्थिक संकट दूर करने को सरकार ने खोजा उपाय

**हरारे। स्टिंग आप्रेशन ब्यूरो**

जिम्बाब्वे ने दुनिया की सबसे नई मुद्रा पेश की है। आर्थिक बदहाली से उबरने के मकसद से जिम्बाब्वे ने मंगलवार को एक नयी मुद्रा जिग का प्रचलन शुरू किया। इस मुद्रा को पुरानी मुद्रा की जगह लाया गया है, जो मूल्यह्रास और लोगों का भरोसा खत्म हो जाने से प्रभावित हुई है। अप्रैल की शुरुआत में जिग को इलैक्ट्रॉनिक रूप से पेश किया गया था, लेकिन अब लोग बैंकनोट और सिक्कों के रूप में इसका इस्तेमाल कर सकते हैं। यह दक्षिणी अफ्रीकी देश की लंबे समय से चल रहे मुद्रा संकट को रोकने की ताजा कोशिश है। सरकार ने पहले जिम्बाब्वे डॉलर को बदलने के लिए विभिन्न विचार पेश किए थे, जिसमें मुद्रास्फीति को रोकने के लिए सोने के सिक्के और एक डिजिटल मुद्रा को लाने जैसे विकल्प शामिल थे।







## आपने भी लगवाई है कोविशील्ड? तो क्या आपको चिंता करने की जरूरत है?

# दुर्लभ दुष्प्रभावों प्रति एस्ट्राजेनेका की स्वीकारोक्ति के बाद बढ़ी टैंशन

कोविशील्ड के दुर्लभ दुष्प्रभावों के बारे में एस्ट्राजेनेका की स्वीकारोक्ति ने लोगों की चिंता बढ़ा दी है। हालांकि, यह याद रखना महत्वपूर्ण है कि ये दुर्लभ मामले हैं, और टीका लगवाने के लाभ किसी भी संभावित जोखिम से कहीं अधिक हैं....

**स्टिंग आप्रेशन की विशेष रिपोर्ट**



Rakesh Bhatheja
Assistant Editor
Daily Sting Operation
98722-53436

ਅੰਮ੍ਰਿਤਸਰ, 1 ਮਈ (ਹਰਪਾਲ ਸਿੰਘ ਭੰਗੂ)-ਖਾਲਸਾ ਕਾਲਜ ਦੇ ਈਕੋ ਕਲੱਬ ਨੇ ਜ਼ੂਲੋਜੀਕਲ ਸੋਸਾਇਟੀ ਅਤੇ ਰੋਟਰੈਕਟ ਕਲੱਬ ਦੇ ਸਹਿਯੋਗ ਨਾਲ 'ਸਿਹਤਮੰਦ ਵਾਤਾਵਰਣ ਲਈ ਹੁਨਰ ਵਿਕਾਸ' ਵਿਸ਼ੇ 'ਤੇ ਇਕ ਰੋਜ਼ਾ ਵਰਕਸ਼ਾਪ ਕਰਵਾਈ। ਕਾਲਜ ਪ੍ਰਿੰਸੀਪਲ ਡਾ. ਮਹਿਲ ਸਿੰਘ ਦੇ ਸਹਿਯੋਗ ਨਾਲ ਉਕਤ ਵਰਕਸ਼ਾਪ ਵਾਤਾਵਰਣ ਜੰਗਲਾਤ ਅਤੇ ਜਲਵਾਯੂ ਪਰਿਵਰਤਨ ਮੰਤਰਾਲੇ ਅਤੇ ਨੋਡਲ ਏਜੰਸੀ ਪੰਜਾਬ ਸਟੇਟ ਕੌਂਸਲ ਫ਼ਾਰ ਸਾਇੰਸ ਐਂਡ ਟੈਕਨਾਲੋਜੀ, ਚੰਡੀਗੜ੍ਹ ਦੁਆਰਾ 'ਵਾਤਾਵਰਣ ਸਿੱਖਿਆ ਪ੍ਰੋਗਰਾਮ' ਤਹਿਤ ਕਰਵਾਈ ਗਈ ਸੀ। ਜਿਸ 'ਚ ਵਾਤਾਵਰਨ ਨੂੰ ਸਾਫ਼-ਸੁਥਰਾ ਅਤੇ ਹਰਿਆ ਭਰਿਆ ਬਣਾਉਣ ਲਈ ਹੁਨਰ ਵਿਕਾਸ ਕੋਰਸਾਂ ਦੀ ਮਹੱਤਤਾ ਸਬੰਧੀ ਵਿਦਿਆਰਥੀਆਂ 'ਚ ਜਾਗਰੂਕਤਾ ਪੈਦਾ ਕਰਨਾ ਸੀ। ਇਸ ਮੌਕੇ ਪ੍ਰਿੰ: ਡਾ. ਮਹਿਲ ਸਿੰਘ ਨੇ ਸੰਬੋਧਨ ਕਰਦਿਆਂ ਸਮਾਜ ਦੇ ਲਾਭਾਂ ਲਈ ਮਧੂ ਮੱਖੀ ਪਾਲਣ ਅਤੇ ਵਰਮੀ ਕੰਪੋਸਟ ਵਰਗੇ ਹੁਨਰ ਵਿਕਾਸ ਕੋਰਸਾਂ ਦੀ ਮਹੱਤਤਾ ਸਬੰਧੀ ਚਰਚਾ ਕੀਤੀ। ਉਨ੍ਹਾਂ ਕਿਹਾ ਕਿ ਅਜਿਹੀਆਂ ਵਰਕਸ਼ਾਪਾਂ ਵਿਦਿਆਰਥੀਆਂ ਨੂੰ ਹੁਨਰ ਵਿਕਾਸ ਕੋਰਸਾਂ ਨੂੰ ਪੇਸ਼ੇ ਅਤੇ ਆਮਦਨ ਦੇ ਸਰੋਤ ਵਜੋਂ ਚੁਣਨ 'ਚ ਸਹਾਈ ਸਿੱਧ ਹੁੰਦੀਆਂ ਹਨ। ਇਸ ਮੌਕੇ ਕਾਲਜ ਦੇ ਕਿਸਾਨ ਸਿਖਲਾਈ ਕੇਂਦਰ, ਖੇਤੀਬਾੜੀ ਸੂਚਨਾ ਅਫਸਰ ਡਾ. ਜਸਵਿੰਦਰ ਸਿੰਘ ਭਾਟੀਆ ਨੇ ਮਧੂ ਮੱਖੀ ਪਾਲਣ ਸਬੰਧੀ ਸਿਖਲਾਈ ਦਿੱਤੀ ਅਤੇ ਮਧੂ ਮੱਖੀ ਪਾਲਣ ਲਈ ਸਰਕਾਰ ਵੱਲੋਂ ਦਿੱਤੀਆਂ ਜਾਂਦੀਆਂ ਸਬਸਿਡੀਆਂ ਅਤੇ ਵਿਧੀਆਂ ਬਾਰੇ ਵਿਦਿਆਰਥੀਆਂ ਦੇ ਸਵਾਲਾਂ ਦੇ ਜਵਾਬ ਦਿੱਤੇ। ਇਸ ਮੌਕੇ ਈਕੋ ਕਲੱਬ ਇੰਚਾਰਜ ਅਤੇ ਜ਼ੂਆਲੋਜੀ ਵਿਭਾਗ ਮੁਖੀ ਡਾ. ਜਸਵਿੰਦਰ ਸਿੰਘ ਨੇ ਵਰਮੀ ਕੰਪੋਸਟਿੰਗ ਦੀ ਵਿਧੀ ਅਤੇ ਉਪਯੋਗਾਂ ਦਾ ਪ੍ਰਦਰਸ਼ਨ ਕਰਦਿਆਂ ਵਿਸਥਾਰਪੂਰਵਕ ਦੱਸਿਆ ਕਿ ਇਸ ਤਕਨੀਕ ਦੁਆਰਾ ਵਾਤਾਵਰਣ ਨੂੰ ਸ਼ੁੱਧ ਬਣਾਉਣ ਲਈ ਰਸੋਈ ਅਤੇ ਡੇਅਰੀ ਦੇ ਰਹਿੰਦ-ਖੂੰਹਦ ਨੂੰ ਆਸਾਨੀ ਨਾਲ ਸੰਭਾਲਿਆ ਜਾ ਸਕਦਾ ਹੈ ਅਤੇ ਕੀਮਤੀ ਖਾਦ 'ਚ ਬਦਲਿਆ ਜਾ ਸਕਦਾ ਹੈ। ਇਸ ਮੌਕੇ ਰੋਟਰੈਕਟ ਕਲੱਬ ਦੇ ਵਿਦਿਆਰਥੀਆਂ ਨੇ ਕੂੜੇ ਨੂੰ ਵਧੀਆ ਤੋਂ ਵਧੀਆ ਬਣਾਉਣ ਦੀ ਕਲਾ ਦਾ ਪ੍ਰਦਰਸ਼ਨ ਕਰਦਿਆਂ ਦਿਖਾਇਆ ਕਿ ਕਿਵੇਂ ਰਹਿੰਦ-ਖੂੰਹਦ ਨੂੰ ਉਪਯੋਗੀ ਸਜਾਵਟੀ ਉਤਪਾਦਾਂ 'ਚ ਬਦਲਿਆ ਜਾ ਸਕਦਾ ਹੈ। ਇਸ ਮੌਕੇ ਜ਼ੂਲੋਜੀਕਲ ਸੁਸਾਇਟੀ ਦੇ ਕੋ-ਆਰਡੀਨੇਟਰ ਡਾ. ਅਮਨਦੀਪ ਸਿੰਘ ਨੇ ਪ੍ਰਿੰ: ਡਾ. ਮਹਿਲ ਸਿੰਘ ਅਤੇ ਫੈਕਲਟੀ ਮੈਂਬਰਾਂ ਦਾ ਧੰਨਵਾਦ ਕਰਦਿਆਂ ਦੱਸਿਆ ਕਿ ਇਸ ਵਰਕਸ਼ਾਪ 'ਚ 100 ਦੇ ਕਰੀਬ ਬੀ. ਐਸ. ਸੀ. (ਮੈਡੀਕਲ), ਐਮ. ਐਸ. ਸੀ. (ਜ਼ੂਆਲੋਜੀ), ਐਮ. ਐਸ. ਸੀ. (ਬੋਟਨੀ), ਬੀ. ਏ. (ਸਮਾਜ ਵਿਗਿਆਨ) ਅਤੇ ਐਮ. ਏ. (ਫਾਈਨ ਆਰਟਸ) ਵਿਦਿਆਰਥੀ ਨੇ ਭਾਗ ਲਿਆ। ਇਸ ਮੌਕੇ ਵਿਦਿਆਰਥੀਆਂ ਅਤੇ ਫੈਕਲਟੀ ਮੈਂਬਰਾਂ ਨੇ ਵਾਤਾਵਰਨ ਨੂੰ ਸਾਫ਼ ਸੁਥਰਾ ਰੱਖਣ ਦਾ ਪ੍ਰਣ ਵੀ ਲਿਆ। ਇਸ ਮੌਕੇ ਡਾ. ਜ਼ੋਰਾਵਰ ਸਿੰਘ, ਡਾ. ਅਮਨਦੀਪ ਸਿੰਘ, ਪ੍ਰੋ. ਰਣਦੀਪ ਸਿੰਘ, ਡਾ. ਰਾਜਬੀਰ ਕੌਰ, ਡਾ. ਸਤਿੰਦਰ ਕੌਰ, ਪ੍ਰੋ. ਗੁਰਪ੍ਰੀਤ ਕੌਰ, ਪ੍ਰੋ. ਦੀਕਸ਼ਾ, ਪ੍ਰੋ. ਯਾਸਮੀਨ ਇਰਸ਼ਾਦ, ਪ੍ਰੋ. ਲਖਵਿੰਦਰ ਸਿੰਘ ਆਦਿ ਹਾਜ਼ਰ ਸਨ।

## ਖ਼ਾਲਸਾ ਕਾਲਜ ਵਿਖੇ ਅਰਦਾਸ ਦਿਵਸ ਧਾਰਮਿਕ ਸਮਾਗਮ ਕਰਵਾਇਆ ਗਿਆ





ਅੰਮ੍ਰਿਤਸਰ, 1 ਮਈ ( ਹਰਪਾਲ ਸਿੰਘ ਭੰਗੂ)-ਖ਼ਾਲਸਾ ਕਾਲਜ ਕੈਂਪਸ ਸਥਿਤ ਗੁਰਦੁਆਰਾ ਸਾਹਿਬ ਵਿਖੇ ਖ਼ਾਲਸਾਈ ਪੰਥਕ ਰਵਾਇਤ ਅਨੁਸਾਰ ਸੈਸ਼ਨ 2023-24 ਦੇ ਵਿਦਿਆਰਥੀਆਂ ਦੇ ਇਮਤਿਹਾਨਾਂ 'ਚ ਬੈਠਣ ਤੋਂ ਪਹਿਲਾਂ ਅਰਦਾਸ ਦਿਵਸ ਧਾਰਮਿਕ ਸਮਾਗਮ ਕਰਵਾਇਆ ਗਿਆ। ਕਾਲਜ ਪ੍ਰਿੰਸੀਪਲ ਡਾ. ਮਹਿਲ ਸਿੰਘ ਦੇ ਸਹਿਯੋਗ ਨਾਲ ਕਰਵਾਏ ਇਸ ਸਮਾਗਮ 'ਚ ਗੁਰਮਤਿ ਸਟੱਡੀ ਸੈਂਟਰ ਦੇ ਵਿਦਿਆਰਥੀਆਂ ਵੱਲੋਂ ਰਸਭਿੰਨਾ ਕੀਰਤਨ ਸਰਵਣ ਕਰਕੇ ਹਾਜ਼ਰ ਸੰਗਤ ਨੂੰ ਨਿਹਾਲ ਕੀਤਾ ਗਿਆ। ਇਸ ਮੌਕੇ ਪ੍ਰਿੰ: ਡਾ. ਮਹਿਲ ਸਿੰਘ ਨੇ ਸੰਬੋਧਨ ਕਰਦਿਆਂ ਗੁਰਮਤਿ ਦੇ ਫ਼ਲਸਫ਼ੇ ਅਤੇ ਸਿਖ ਧਰਮ 'ਚ ਅਰਦਾਸ ਦੀ ਮਹਾਨਤਾ 'ਤੇ ਚਾਨਣਾ ਪਾਇਆ। ਇਸ ਮੌਕੇ ਉਨ੍ਹਾਂ ਜੀਵਨ 'ਚ ਉਚੇਰੀ ਸਿੱਖਿਆ ਅਤੇ ਚੰਗੀ ਸਿਹਤ ਦੀ ਪ੍ਰਾਪਤੀ ਲਈ ਸੱਚੇ-ਸੁੱਚੇ ਕਿਰਦਾਰ 'ਤੇ ਜੋਰ ਦਿੱਤਾ। ਉਨ੍ਹਾਂ ਕਿਹਾ ਕਿ ਇਸ ਧਾਰਮਿਕ ਸਮਾਗਮ 'ਚ ਵਿਦਿਆਰਥੀਆਂ ਦੀ ਸਫ਼ਲਤਾ ਲਈ ਅਕਾਲ ਪੁਰਖ ਦਾ ਓਟ ਆਸਰਾ ਲਿਆ ਗਿਆ ਹੈ। ਇਸ ਮੌਕੇ ਕਾਲਜ ਦੇ ਸਮੂਹ ਵਿਭਾਗਾਂ ਦੇ ਮੁਖੀ, ਅਧਿਆਪਕ ਅਤੇ ਵਿਦਿਆਰਥੀ ਨੇ ਹਾਜਰੀ ਭਰੀ ਅਤੇ ਗੁਰੂ ਘਰ ਦੀਆਂ ਖ਼ੁਸ਼ੀਆਂ ਪ੍ਰਾਪਤ ਕੀਤੀਆਂ।

## ਸ੍ਰੀ ਗੁਰੂ ਤੇਗ ਬਹਾਦਰ ਵੂਮੈਨ ਦੀ ਵਿਦਿਆਰਥਣ ਨੇ ਜ਼ਿਲ੍ਹੇ 'ਚ ਪਹਿਲਾ ਸਥਾਨ ਹਾਸਲ ਕੀਤਾ



ਅੰਮ੍ਰਿਤਸਰ, 1 ਮਈ ( ਹਰਪਾਲ ਸਿੰਘ ਭੰਗੂ)-ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਅਧੀਨ ਸ੍ਰੀ ਗੁਰੂ ਤੇਗ ਬਹਾਦਰ ਕਾਲਜ ਫ਼ਾਰ ਵੂਮੈਨ ਦੀ ਵਿਦਿਆਰਥਣ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਬੀ. ਸੀ. ਏ. ਸਮੈਸਟਰ-ਪਹਿਲਾਂ ਦੇ ਇਮਤਿਹਾਨਾਂ ਦੇ ਐਲਾਨੇ ਗਏ ਨਤੀਜੇ 'ਚ ਸਬੰਧਿਤ ਵਿਸ਼ੇ 'ਚ ਜ਼ਿਲ੍ਹੇ 'ਚ ਪਹਿਲਾ ਸਥਾਨ ਹਾਸਲ ਕਰਕੇ ਕਾਲਜ ਅਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਹੈ। ਇਸ ਮੌਕੇ ਕਾਲਜ ਪ੍ਰਿੰਸੀਪਲ ਸ: ਨਾਨਕ ਸਿੰਘ ਨੇ ਵਿਦਿਆਰਥਣ ਨਵਜੀਤ ਕੌਰ ਨੂੰ ਆਪਣੇ ਦਫ਼ਤਰ ਵਿਖੇ ਮੂੰਹ ਮਿੱਠਾ ਕਰਵਾਉਂਦਿਆਂ ਸ਼ਾਨਦਾਰ ਨਤੀਜਾ ਹਾਸਲ ਕਰਨ 'ਤੇ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਮਾਣ ਵਾਲੀ ਗੱਲ ਹੈ ਕਿ ਨਵਜੀਤ ਕੌਰ ਨੇ 8.91 ਐਸ. ਜੀ. ਪੀ. ਏ. ਪ੍ਰਾਪਤ ਕਰਕੇ ਜ਼ਿਲ੍ਹੇ 'ਚ ਪਹਿਲਾ ਸਥਾਨ ਹਾਸਲ ਕੀਤਾ ਹੈ। ਇਸ ਮੌਕੇ ਸ: ਨਾਨਕ ਸਿੰਘ ਨੇ ਕੌਂਸਲ ਦੁਆਰਾ ਦਿੱਤੇ ਜਾ ਰਹੇ ਸਹਿਯੋਗ ਖ਼ਾਸ ਕਰਕੇ ਆਨਰੇਰੀ ਸਕੱਤਰ ਸ: ਰਜਿੰਦਰ ਮੋਹਨ ਸਿੰਘ ਛੀਨਾ ਵੱਲੋਂ ਸਮੇਂ-ਸਮੇਂ ਪ੍ਰਦਾਨ ਕੀਤੀਆਂ ਜਾ ਰਹੀਆਂ ਸੁਵਿਧਾਵਾਂ ਲਈ ਧੰਨਵਾਦ ਕੀਤਾ। ਇਸ ਮੌਕੇ ਪ੍ਰਿੰ: ਸ: ਨਾਨਕ ਸਿੰਘ ਨੇ ਕੰਪਿਊਟਰ ਵਿਭਾਗ ਅਤੇ ਵਿਸ਼ੇਸ਼ ਤੌਰ 'ਤੇ ਐਚ. ਓ. ਡੀ. ਸ੍ਰੀਮਤੀ ਜਗਦੀਪ ਕੌਰ ਨੂੰ ਵਧਾਈ ਦਿੰਦਿਆਂ ਹੋਰਨਾਂ ਵਿਦਿਆਰਥਣਾਂ ਨੂੰ ਉਤਸ਼ਾਹਿਤ ਕਰਦਿਆਂ ਨਵਜੀਤ ਕੌਰ ਦੇ ਸੁਨਿਹਰੇ ਭਵਿੱਖ ਦੀ ਕਾਮਨਾ ਕੀਤੀ।



## ਇੱਕ ਨਜ਼ਰ



## ਖ਼ਾਲਸਾ ਕਾਲਜ ਗਰਲਜ਼ ਸੀ: ਸੈਕੰ: ਸਕੂਲ ਦਾ 12ਵੀਂ ਜਮਾਤ ਦਾ ਨਤੀਜ਼ਾ ਰਿਹਾ ਸ਼ਾਨਦਾਰ

ਅੰਮ੍ਰਿਤਸਰ, 1 ਮਈ ( ਹਰਪਾਲ ਸਿੰਘ ਭੰਗੂ)-ਖਾਲਸਾ ਕਾਲਜ ਗਵਰਨਿੰਗ ਕੌਂਸਲ ਅਧੀਨ ਖਾਲਸਾ ਕਾਲਜ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਦੀਆਂ ਵਿਦਿਆਰਥਣਾਂ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ 12ਵੀਂ ਜਮਾਤ ਦੇ ਐਲਾਨੇ ਗਏ ਨਤੀਜੇ 'ਚ ਸ਼ਾਨਦਾਰ ਪ੍ਰਾਪਤੀਆਂ ਦਰਜ ਕਰਕੇ ਸਕੂਲ ਅਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਹੈ। ਇਸ ਦੌਰਾਨ ਕੌਂਸਲ ਦੇ ਆਨਰੇਰੀ ਸਕੱਤਰ ਸ: ਰਜਿੰਦਰ ਮੋਹਨ ਸਿੰਘ ਛੀਨਾ ਨੇ ਸਕੂਲ ਪ੍ਰਿੰਸੀਪਲ ਸ੍ਰੀਮਤੀ ਪੁਨੀਤ ਕੌਰ ਨਾਗਪਾਲ ਅਤੇ ਉਨ੍ਹਾਂ ਦੇ ਸਟਾਫ਼ ਨੂੰ ਉਕਤ ਸ਼ਾਨਦਾਰ ਨਤੀਜੇ 'ਤੇ ਵਧਾਈ ਦਿੱਤੀ ਅਤੇ ਕਿਹਾ ਕਿ ਪ੍ਰਿੰ: ਸ੍ਰੀਮਤੀ ਨਾਗਪਾਲ ਦੀ ਅਗਵਾਈ ਹੇਠ ਸਕੂਲ ਸਿਖ਼ਰਾਂ ਨੂੰ ਛੂਹ ਰਿਹਾ ਹੈ। ਉਨ੍ਹਾਂ ਕਿਹਾ ਕਿ ਗਵਰਨਿੰਗ ਕੌਂਸਲ ਵਿਦਿਆਰਥਣਾਂ ਨੂੰ ਜਰੂਰਤ ਮੁਤਾਬਕ ਹਰੇਕ ਸੁਵਿਧਾ ਪ੍ਰਦਾਨ ਕਰਵਾਉਣ ਲਈ ਤੱਤਪਰ ਹੈ। ਉਨ੍ਹਾਂ ਇਸ ਮਾਣਮੱਤੀ ਪ੍ਰਾਪਤੀ ਨੂੰ ਅਧਿਆਪਕਾਂ ਵੱਲੋਂ ਕੀਤੀ ਗਈ ਅਣਥੱਕ ਮਿਹਨਤ ਤੇ ਲਗਨ ਦਾ ਫਲ ਦੱਸਿਆ। ਇਸ ਸਬੰਧੀ ਸਕੂਲ ਪ੍ਰਿੰਸੀਪਲ ਸ੍ਰੀਮਤੀ ਪੁਨੀਤ ਕੌਰ ਨਾਗਪਾਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 12ਵੀਂ ਜਮਾਤ ਸਾਇੰਸ ਗਰੁੱਪ ਦੀ ਅਜਨਪ੍ਰੀਤ ਕੌਰ ਨੇ (96%) ਫੀਸਦੀ ਅੰਕਾਂ ਨਾਲ ਪਹਿਲਾ, ਸਿਮਰਨ ਕੌਰ ਨੇ (94%) ਫੀਸਦੀ ਅੰਕਾਂ ਨਾਲ ਦੂਜਾ ਤੇ ਜਸ਼ਨਪ੍ਰੀਤ ਕੌਰ ਨੇ (92.8%) ਫੀਸਦੀ ਅੰਕਾਂ ਨਾਲ ਤੀਸਰਾ ਸਥਾਨ ਹਾਸਲ ਕੀਤਾ ਹੈ। ਉਨ੍ਹਾਂ ਕਿਹਾ ਕਿ (ਹਿਊਮੈਨੀਟੀਜ਼) ਦੀ ਵਿਦਿਆਰਥਣ ਹਰਲੀਨ ਕੌਰ (94.4%) , ਅਮਨਜੋਤ ਕੌਰ ਨੇ ਦੂਸਰਾ ਸਥਾਨ (92.6%) ਅਤੇ ਗਗਨਦੀਪ ਕੌਰ ਨੇ ਤੀਸਰਾ ਸਥਾਨ (92%) ਹਾਸਲ ਕੀਤਾ ਹੈ। ਜਦ ਕਿ ਕਾਮਰਸ ਗਰੁੱਪ ਦੀ ਹਰਪ੍ਰੀਤ ਕੌਰ ਨੇ ਪਹਿਲਾ (94.8%), ਅੰਜਨੀ ਨੇ ਦੂਜਾ ਸਥਾਨ (93.4%) ਤੇ ਖੁਸ਼ਦੀਪ ਕੌਰ ਨੇ ਤੀਸਰਾ ਸਥਾਨ (93%) ਹਾਸਲ ਕੀਤਾ ਹੈ। ਉਨ੍ਹਾਂ ਆਸ ਜਾਹਿਰ ਕਰਦਿਆਂ ਕਿਹਾ ਕਿ ਇਹ ਬੱਚੀਆਂ ਭਵਿੱਖ 'ਚ ਇੱਕ ਚੰਗਾ ਮੁਕਾਮ ਹਾਸਿਲ ਕਰਨਗੀਆਂ।

## ਮਦਰ ਟੀਚਰ ਸਕੂਲ ਨੇ ਵਰਕਰਾਂ ਨੂੰ ਸਨਮਾਨਿਤ ਕਰਨ ਲਈ ਮਜ਼ਦੂਰ ਦਿਵਸ ਮਨਾਇਆ



ਬਰਨਾਲਾ, 1 ਮਈ (ਰਾਜਿੰਦਰ ਪ੍ਰਸ਼ਾਦ ਸਿੰਗਲਾ)- ਅੰਤਰਰਾਸ਼ਟਰੀ ਮਜ਼ਦੂਰ ਦਿਵਸ ਹਰ ਸਾਲ 1 ਮਈ ਨੂੰ ਮਨਾਇਆ ਜਾਂਦਾ ਹੈ। ਮਦਰ ਟੀਚਰ ਸਕੂਲ ਨੇ ਐਮ.ਟੀ.ਐਸ ਦੇ ਵਰਕਰਾਂ ਨੂੰ ਸਨਮਾਨਿਤ ਕਰਨ ਲਈ ਇਹ ਦਿਵਸ ਮਨਾਇਆ। ਇਹ ਇੱਕ ਮਾਣ ਵਾਲਾ ਪਲ ਹੈ ਜਦੋਂ ਜਮਾਤ 3 ਤੋਂ 8ਵੀਂ ਦੇ ਵਿਦਿਆਰਥੀਆਂ ਨੇ ਸੁੰਦਰ ਕਾਰਡ ਬਣਾ ਕੇ ਸਕੂਲ ਦੀਆਂ ਸਾਰੀਆਂ ਆਂਟੀਜ਼ ਨੂੰ ਪਿਆਰ ਦੇ ਚਿੰਨ੍ਹ ਵਜੋਂ ਦਿੱਤੇ ।ਸਾਡੇ ਸਤਿਕਾਰਤ ਪ੍ਰਬੰਧਕ ਮੈਂਬਰਾਂ ਨੇ ਸੁਆਦੀ ਭੋਜਨ ਦਾ ਪ੍ਰਬੰਧ ਕੀਤਾ ਅਤੇ ਉਨ੍ਹਾਂ ਨੂੰ ਪਿਆਰ ਅਤੇ ਸਤਿਕਾਰ ਦੇ ਪ੍ਰਤੀਕ ਵਜੋਂ ਤੋਹਫ਼ੇ ਦਿੱਤੇ। ਇਸ ਮੌਕੇ ਬੱਚਿਆਂ ਨੇ ਸਿੱਖਿਆ ਕਿ ਇਸ ਦਿਵਸ ਦਾ ਮਕਸਦ ਕਿਰਤੀਆਂ ਦੇ ਯੋਗਦਾਨ, ਕਿਰਤ ਦੀ ਕਦਰ ਅਤੇ ਕੰਮ ਦੀ ਸ਼ਾਨ ਨੂੰ ਪਛਾਣਨਾ ਹੈ। ਇਸ ਦਿਨ, ਐਮ.ਟੀ.ਐਸ ਦੇ ਪ੍ਰਿੰਸੀਪਲ ਨੇ ਵਿਦਿਆਰਥੀਆਂ ਦੇ ਸ਼ਾਨਦਾਰ ਕੰਮ ਦੀ ਸ਼ਲਾਘਾ ਕੀਤੀ।

## ਸ਼ਿਕਾਗੋ ਦੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਭੇਂਟ




ਬਰਨਾਲਾ, 1 ਮਈ (ਰਾਜਿੰਦਰ ਪ੍ਰਸ਼ਾਦ ਸਿੰਗਲਾ)-ਬਰਨਾਲਾ ਇਲਾਕੇ ਦੀਆਂ ਇਨਕਲਾਬੀ ਤੇ ਜਮਹੂਰੀ ਜਥੇਬੰਦੀਆਂ ਵਲੋਂ ਸੀਵਰੇਜ ਬੋਰਡ ਕੰਪਲੈਕਸ ਵਿੱਚ ਸਾਂਝੇ ਤੌਰ ਤੇ ਸੈਂਕੜਿਆਂ ਦੀ ਗਿਣਤੀ ਇਕੱਠੇ ਹੋ ਕੇ ਸ਼ਿਕਾਗੋ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ ।ਇਸ ਮੌਕੇ ਵੱਖ ਵੱਖ ਥਾਵਾਂ ਤੋਂ ਝੰਡੇ ਲਹਿਰਾ ਕੇ ਇਕਠੇ ਹੋਏ ਸਾਥੀਆਂ ਨੂੰ ਸੰਬੋਧਨ ਕਰਦਿਆਂ ਸੂਬਾਈ ਆਗੂਆਂ ਖ਼ੁਸ਼ੀਆਂ ਸਿੰਘ, ਕਰਮਜੀਤ ਸਿੰਘ ਬੀਹਲਾ, ਗੁਰਪ੍ਰੀਤ ਸਿੰਘ ਰੂੜੇਕੇ, ਮਾਸਟਰ ਮਨੋਹਰ ਲਾਲ , ਸੁਰਿੰਦਰ ਦਰਦੀ, ਮੋਹਨ ਸਿੰਘ ਰੂੜੇਕੇ ਨੇ ਕਿਹਾ ਕਿ ਅਜੋਕੇ ਸਮੇਂ ਅੰਦਰ ਦੇਸ਼ ਦੇ ਸੰਵਿਧਾਨ ਦੀ ਰਾਖੀ ਕਰਨੀ, ਜਨਤਕ ਅਦਾਰਿਆਂ ਨੂੰ ਨਿੱਜੀ ਹੱਥਾਂ ਵਿੱਚ ਜਾਣ ਤੋਂ ਰੋਕਣ ਅਤੇ ਦੇਸ਼ ਦੇ ਕਿਰਤੀਆਂ ਨੂੰ ਰੋਜ਼ਗਾਰ ਦੇਣ ਦੀ ਲੜਾਈ ਲੜ੍ਹਨੀ ਅਸਲ ਰੂਪ ਵਿੱਚ ਸ਼ਿਕਾਗੋ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਹੈ। ਇਕੱਠ ਨੂੰ ਸੰਬੋਧਨ ਕਰਦਿਆਂ ਕਿਰਤੀ ਆਗੂਆਂ ਦਰਸਨ ਚੀਮਾਂ , ਜੁਗਰਾਜ ਸਿੰਘ ਰਾਮਾਂ, ਸੁਰਜੀਤ ਸਿੰਘ ਬਾਠ, ਰਮੇਸ਼ ਕੁਮਾਰ ਹਮਦਰਦ, ਖੁਸਵਿੰਦਰ ਪਾਲ, ਮਨਜੀਤ ਰਾਜ, ਅਨਿਲ ਕੁਮਾਰ ਜੱਗਾ ਸਿੰਘ ਮੌੜ , ਹਰਿੰਦਰ ਮੱਲੀਆਂ, ਉਜਾਗਰ ਸਿੰਘ ਬੀਹਲਾ ਅਤੇ ਤਰਸੇਮ ਭੱਠਲ ਨੇ ਕਿਹਾ ਕਿ ਅਜੋਕੇ ਦੌਰ ਵਿੱਚ ਔਰਤਾਂ ਅਤੇ ਦਲਿਤਾਂ ਤੇ ਜਬਰ ਵਧ ਗਿਆ ਹੈ ਪੂਰੇ ਦੇਸ ਅਤੇ ਪੰਜਾਬ ਅੰਦਰ ਕਾਨੂੰਨ ਵਿਵਸਥਾ ਵਿਗੜ ਗਈ ਹੈ। ਮੋਦੀ ਸਰਕਾਰ ਸਾਮਰਾਜੀ ਮੁਲਕਾਂ ਤੇ ਕਾਰਪੋਰੇਟ ਘਰਾਣਿਆਂ ਦੇ ਦਬਾਅ ਹੇਠ ਕਿਰਤ ਕਾਨੂੰਨਾਂ ਵਿੱਚ ਮਜਦੂਰ ਵਿਰੋਧੀ ਸੋਧਾਂ ਕਰਕੇ ਕਿਰਤੀ ਜਮਾਤ ਦਾ ਕਚੂੰਮਰ ਕੱਢ ਰਹੀ ਹੈ। ਇਸ ਉਪਰੰਤ ਸੈਂਕੜੇ ਕਾਰਕੁੰਨਾਂ ਵੱਲੋਂ ਜ਼ੋਸ਼ੀਲੇ ਨਾਅਰਿਆਂ ਨਾਲ ਸ਼ਹੀਦ ਭਗਤ ਸਿੰਘ ਚੌਕ ਤੱਕ ਝੰਡਿਆਂ ਤੇ ਬੈਨਰਾਂ ਨਾਲ਼ ਲੈਸ ਹੋ ਕੇ ਪ੍ਰਭਾਵਸ਼ਾਲੀ ਮਾਰਚ ਵੀ ਕੱਢਿਆ ਗਿਆ। ਇਸ ਇਕੱਠ ਨੂੰ ਹੋਰਨਾਂ ਤੋਂ ਇਲਾਵਾ , ਪਵਿੱਤਰ ਲਾਲੀ, ਤੇਜਿੰਦਰ ਸਿੰਘ ਤੇਜੀ , ਕਾਮਰੇਡ ਬਲਵੀਰ , ਸੁਖਜੰਟ ਸਿੰਘ, ਰਾਵਿੰਦਰ ਸ਼ਰਮਾਂ , ਬਲਵੀਰ ਸਿੰਘ, ਗੁਲਸਨ ਕੁਮਾਰ , ਜਗਰਾਜ ਰਾਮਾ , ਇਕਬਾਲ ਉਦਾਸੀ, ਚਮਕੌਰ ਸਿੰਘ ਨੈਣੇਵਾਲ , ਸੁਰਿੰਦਰ ਸ਼ਰਮਾਂ, ਨੇ ਵੀ ਸੰਬੋਧਨ ਕੀਤਾ।

# ਪੰਜਾਬ ਪੁਲਿਸ ਹਜ਼ਾਰਾਂ ਦੀ ਤਾਦਾਦ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਦੀ ਸੁਰੱਖਿਆ ਵਿੱਚ ਮਸਰੂਫ਼, ਰਾਜ ਵਿੱਚ ਚੋਰ ਲੁਟੇਰੇ ਕਰ ਰਹੇ ਨੇ ਮਨਮਾਨੀਆਂ: ਸਿੱਧੂ

**ਸਰਕਾਰ ਦੇ ਹੁਕਮਾਂ ਤੇ ਮੁੱਖ ਮੰਤਰੀ ਤੋ ਆਪਣੇ ਹੱਕਾ ਲਈ ਮੈਮੋਰੰਡਮ ਦੇਣ ਵਾਲੇ ਕਿਸਾਨਾਂ ਮਜ਼ਦੂਰਾ ਮੁਲਿਜਮਾ ਨੂੰ ਮੁੱਖ ਮੰਤਰੀ ਦੇ ਕੋਲ ਨਹੀਂ ਫਟਕਣ ਦਿੱਤਾ ਜਾਂਦਾ ਇਥੋਂ ਤੱਕ ਕੇ ਦੀਵਿਆਗ ਲੋਕਾਂ ਨੂੰ ਘੇਰ ਕੇ ਨਜਰਬੰਦ ਕਰ ਦਿੱਤਾ ਜਾਂਦਾ ਹੈ ....**



ਬਰਨਾਲਾ, 1 ਮਈ (ਰਾਜਿੰਦਰ ਪ੍ਰਸ਼ਾਦ ਸਿੰਗਲਾ)- ਪੰਜਾਬ ਵਿੱਚ ਚਾਰ ਚੁਫੇਰੇ ਚੋਰ ਲੁਟੇਰੇ ਬੇਖੌਫ ਲੁਟਾ ਖੋਹਾ ਕਰ ਰਹੇ ਹਨ ਅਤੇ ਨਸੇ ਦੇ ਸੌਦਾਗਰ ਨੌਜਵਾਨਾਂ ਨੂੰ ਬਰਬਾਦ ਕਰ ਰਹੇ ਹਨ ਕਿਉਕਿ ਪੰਜਾਬ ਪੁਲਿਸ ਦਾ ਵੱਡਾ ਹਿੱਸਾ ਮੁੱਖ ਮੰਤਰੀ ਭਗਵੰਤ ਮਾਨ ਅਤੇ ਉਹਨਾਂ ਦੇ ਪਰਿਵਾਰਕ ਮੇਬਰਾ ਦੀ ਸੁਰੱਖਿਆ ਵਿੱਚ ਮਸਰੂਫ ਹੈ ਇਹ ਵਿਚਾਰ ਭਾਜਪਾ ਦੇ ਲੋਕ ਸਭਾ ਸੰਗਰੂਰ ਦੇ ਕੋਆਰਡੀਨੇਟਰ ਅਤੇ ਹਲਕਾ ਭਦੌੜ ਦੇ ਇੰਚਾਰਜ ਇੰਜ ਗੁਰਜਿੰਦਰ ਸਿੰਘ ਸਿੱਧੂ ਨੇ ਪ੍ਰੈਸ ਨੋਟ ਜਾਰੀ ਕਰਦਿਆਂ ਕਿਹਾ ਕਿ ਅੱਤਵਾਦ ਤੋਂ ਬਾਦ ਪਹਿਲੀ ਵਾਰ ਆਮ ਆਦਮੀ ਸਰਕਾਰ ਦੇ ਰਾਜ ਵਿੱਚ ਪੰਜਾਬ ਵਿੱਚ ਇਹੋ ਜਿਹੇ ਹਾਲਾਤ ਬਣੇ ਹਨ ਮੌਜੂਦਾ ਹਾਲਤਾਂ ਲਈ ਪੰਜਾਬ ਪੁਲਿਸ ਜੁੰਮੇਵਾਰ ਨਹੀਂ ਬਲਕਿ ਪੰਜਾਬ ਸਰਕਾਰ ਹੈ ਕਿਉਕਿ ਪੰਜਾਬ ਸਰਕਾਰ ਨੇ ਪੁਲਿਸ ਨੂੰ ਹੁਕਮ ਚਾੜ੍ਹੇ ਹਨ ਕੇ ਸੱਭ ਤੋਂ ਜਰੂਰੀ ਮੁੱਖ ਮੰਤਰੀ ਦੀ ਸਿਕਿਉਰਟੀ ਹੈ। ਸਰਕਾਰ ਦੇ ਹੁਕਮਾਂ ਤੇ ਮੁੱਖ ਮੰਤਰੀ ਤੋ ਆਪਣੇ ਹੱਕਾ ਲਈ ਮੈਮੋਰੰਡਮ ਦੇਣ ਵਾਲੇ ਕਿਸਾਨਾਂ ਮਜ਼ਦੂਰਾ ਮੁਲਿਜਮਾ ਨੂੰ ਮੁੱਖ ਮੰਤਰੀ ਦੇ ਕੋਲ ਨਹੀਂ ਫਟਕਣ ਦਿੱਤਾ ਜਾਂਦਾ ਇਥੋਂ ਤੱਕ ਕੇ ਦੀਵਿਆਗ ਲੋਕਾਂ ਨੂੰ ਘੇਰ ਕੇ ਨਜਰਬੰਦ ਕਰ ਦਿੱਤਾ ਜਾਂਦਾ ਹੈ ਪੰਜਾਬ ਅੰਦਰ ਲਾਅ ਐਡ ਆਰਡਰ ਦੀ ਇਨੀ ਮਾੜੀ ਹਾਲਤ ਹੈ ਕੇ ਲੁਟੇਰੇ ਆਰਾਮ ਨਾਲ ਬਿਨਾ ਕਿਸੇ ਡਰ ਭੇ ਤੋ 6 - 6 ਦੁਕਾਨਾਂ ਦੇ ਸਟਰ ਤੋੜ ਕੇ ਘੰਟਿਆਂ ਬੰਧੀ ਬਿਨਾ ਖੌਫ ਲੁੱਟ ਕਰਦੇ ਦੇਖੇ ਗਏ ਹਨ। ਉਹਨਾਂ ਕਿਹਾ ਕਿ 40 - 40 ਹਜਾਰ ਨੋਕਰੀਆ ਦੀ ਦਹਾਈ ਪੌਣ ਵਾਲੇ ਰਾਜ ਦੇ ਮੁਖੀਆ ਨੂੰ ਇਹ ਨਹੀਂ ਪਤਾ ਕਿ ਸਾਰੇ ਥਾਣਿਆ ਵਿੱਚ ਮੁਲਾਜ਼ਮਾਂ ਦੀ ਗਿਣਤੀ 25 ਪ੍ਰਤੀਸ਼ਤ ਤੋਂ ਭੀ ਘੱਟ ਹੈ ਜਿਹੜੇ ਥੋੜੇ ਬਹੁਤੇ ਮੁਲਾਜਿਮ ਹਨ ਉਹ ਬਹੁਤਾ ਸਮਾ ਵੀ ਆਈ ਪੀ ਡਿਊਟੀਆਂ ਵਿੱਚ ਹੀ ਮਸਰੂਫ਼ ਰਹਿੰਦੇ ਹਨ ਉਹਨਾਂ ਸਰਕਾਰ ਤੋਂ ਮੰਗ ਕੀਤੀ ਕਿ ਪੁਲਿਸ ਵਿੱਚ ਖਾਲੀ ਪਾਇਆ ਪੋਸਟਾਂ ਤੇ ਬੇਰੁਜਗਾਰ ਨੌਜਵਾਨਾਂ ਨੂੰ ਭਰਤੀ ਕੀਤਾ ਜਾਵੇ ਤਾਕਿ ਰਾਜ ਵਿੱਚ ਕਾਨੂੰਨ ਵਿਵਸਥਾ ਦੀ ਹਾਲਤ ਬਿਹਤਰ ਹੋ ਸਕੇ ਇਸ ਮੌਕੇ ਸਿੱਧੂ ਤੋ ਇਲਾਵਾ ਵਾਰੰਟ ਅਫ਼ਸਰ ਬਲਵਿੰਦਰ ਸਿੰਘ ਢੀਂਡਸਾ ਅਵਤਾਰ ਸਿੰਘ ਭੁਰੇ ਸੂਬੇਦਾਰ ਧੰਨਾ ਸਿੰਘ ਧੌਲਾ ਹੌਲਦਾਰ ਰੂਪ ਸਿੰਘ ਮਹਿਤਾ ਹੌਲਦਾਰ ਬਲਦੇਵ ਸਿੰਘ ਹਮੀਦੀ ਹੌਲਦਾਰ ਬਸੰਤ ਸਿੰਘ ਉਗੋ ਗੁਰਦੇਵ ਸਿੰਘ ਮੱਕੜ ਆਦਿ ਆਗੂ ਹਾਜਰ ਸਨ।

# ਪੰਜਾਬ ਬੋਰਡ ਦਾ ਨਤੀਜਾ: ਅੱਠਵੀਂ ਜਮਾਤ ਦੇ 6 ਅਤੇ ਬਾਰਵੀਂ ਦੇ 4 ਵਿਦਿਆਰਥੀਆਂ ਨੇ ਮੱਲਿਆ ਮੈਰਿਟ 'ਚ ਸਥਾਨ

**ਡਿਪਟੀ ਕਮਿਸ਼ਨਰ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ ਵਲੋਂ ਵਿਦਿਆਰਥੀਆਂ ਨੂੰ ਮੁਬਾਰਕਬਾਦ • ਡੀਈਓ ਮੈਡਮ ਪਦਮਨੀ ਅਤੇ ਡਿਪਟੀ ਡੀਈਓ ਬਰਜਿੰਦਰ ਪਾਲ ਸਿੰਘ ਨੇ ਮੈਰਿਟ ਵਿੱਚ ਆਉਣ ਵਾਲੇ ਸਾਰੇ ਵਿਦਿਆਰਥੀਆਂ...**





ਬਰਨਾਲਾ, 1 ਮਈ (ਰਾਜਿੰਦਰ ਪ੍ਰਸ਼ਾਦ ਸਿੰਗਲਾ)- ਪੰਜਾਬ ਰਾਜ ਸਿੱਖਿਆ ਬੋਰਡ ਵੱਲੋਂ ਅੱਠਵੀਂ ਅਤੇ ਬਾਰਵੀਂ ਜਮਾਤ ਦੇ ਨਤੀਜਿਆਂ ਦਾ ਐਲਾਨ ਕਰ ਦਿੱਤਾ ਗਿਆ ਹੈ। ਜ਼ਿਲ੍ਹਾ ਬਰਨਾਲਾ ਦੇ ਅੱਠਵੀਂ ਜਮਾਤ ਦੇ 6 ਵਿਦਿਆਰਥੀਆਂ ਤੇ ਬਾਰਵੀਂ ਜਮਾਤ ਦੇ 4 ਵਿਦਿਆਰਥੀਆਂ ਨੇ ਸੂਬਾ ਪੱਧਰੀ ਮੈਰਿਟ ਸੂਚੀ ਵਿੱਚ ਆਪਣਾ ਸਥਾਨ ਬਣਾਇਆ ਹੈ। ਡਿਪਟੀ ਕਮਿਸ਼ਨਰ ਮੈਡਮ ਪੂਨਮਦੀਪ ਕੌਰ ਨੇ ਮੈਰਿਟ ਵਿੱਚ ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀਆਂ, ਮਾਪਿਆਂ ਅਤੇ ਅਧਿਆਪਕਾਂ ਨੂੰ ਮੁਬਾਰਕਬਾਦ ਦਿੱਤੀ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਸਿੱਖਿਆ ਅਫ਼ਸਰ ਸ੍ਰੀਮਤੀ ਪਦਮਨੀ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਸ੍ਰੀ ਬਰਜਿੰਦਰ ਪਾਲ ਸਿੰਘ ਨੇ ਕਿਹਾ ਕਿ ਜ਼ਿਲ੍ਹੇ ਵਿੱਚ ਅੱਠਵੀਂ ਜਮਾਤ ਦੀ ਪਾਸ ਪ੍ਰਤੀਸ਼ਤਤਾ 97.98% ਅਤੇ ਬਾਰਵੀਂ ਜਮਾਤ ਦੀ ਪਾਸ ਪ੍ਰਤੀਸ਼ਤਤਾ 88.74 ਰਹੀ। ਉਨ੍ਹਾਂ ਕਿਹਾ ਕਿ ਅੱਠਵੀਂ ਜਮਾਤ ਵਿੱਚੋਂ ਸਰਕਾਰੀ ਹਾਈ ਸਕੂਲ ਠੁੱਲੇਵਾਲ ਦੀ ਮਹਿਕਪ੍ਰੀਤ ਕੌਰ, ਸੰਤ ਬਾਬਾ ਲੌਂਗਪੁਰੀ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਦੇ ਲਵਜੋਤ ਸਿੰਘ, ਗੁਰਕਰਨ ਸਿੰਘ ਅਤੇ ਮਨਹਰਜੋਤ ਕੌਰ, ਸਰਕਾਰੀ ਹਾਈ ਸਕੂਲ ਭੈਣੀ ਜੱਸਾ ਦੇ ਖੁਸ਼ਪ੍ਰੀਤ ਕੌਰ, ਮਾਤਾ ਗੁਜਰੀ ਪਬਲਿਕ ਸਕੂਲ ਭਦੌੜ ਦੀ ਦਿਸ਼ਾ ਨੇ ਮੈਰਿਟ ਵਿੱਚ ਆਪਣਾ ਸਥਾਨ ਬਣਾਇਆ ਹੈ। ਇਸ ਤਰ੍ਹਾਂ ਬਾਰਵੀਂ ਜਮਾਤ ਵਿੱਚ ਰਜਿੰਦਰਾ ਪਬਲਿਕ ਸਕੂਲ ਧਨੌਲਾ ਦੇ ਸਾਤਵਿਕ ਵਸ਼ਿਸ਼ਟ, ਸੰਤ ਬਾਬਾ ਲੌਂਗਪੁਰੀ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਦੇ ਹਰਸ਼ਦੀਪ ਕੌਰ ਅਤੇ ਕਮਲਪ੍ਰੀਤ ਕੌਰ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਕੰਨਿਆ) ਸ਼ਿਹਣਾ ਦੀ ਰਮਨਦੀਪ ਕੌਰ ਨੇ ਸੂਬਾ ਪੱਧਰੀ ਮੈਰਿਟ ਵਿੱਚ ਆਪਣਾ ਸਥਾਨ ਬਣਾਇਆ ਹੈ। ਡੀਈਓ ਮੈਡਮ ਪਦਮਨੀ ਅਤੇ ਡਿਪਟੀ ਡੀਈਓ ਬਰਜਿੰਦਰ ਪਾਲ ਸਿੰਘ ਨੇ ਮੈਰਿਟ ਵਿੱਚ ਆਉਣ ਵਾਲੇ ਸਾਰੇ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ, ਸਕੂਲ ਮੁਖੀਆਂ ਤੇ ਅਧਿਆਪਕਾਂ ਨੂੰ ਮੁਬਾਰਕਬਾਦ ਦਿੱਤੀ ਅਤੇ ਭਵਿੱਖ ਵਿੱਚ ਹੋਰ ਵੀ ਵਧੀਆ ਨਤੀਜੇ ਆਉਣ ਦੀ ਆਸ ਪ੍ਰਗਟਾਈ।

# ਸਰਕਾਰੀ ਸੀਨੀਅਰ ਸੈਕੰਡਰੀ ਕੰਨਿਆ ਸਕੂਲ ਬਰਨਾਲਾ ਦਾ ਨਤੀਜਾ ਰਿਹੈ ਸ਼ਾਨਦਾਰ







ਬਰਨਾਲਾ, 1 ਮਈ (ਰਾਜਿੰਦਰ ਪ੍ਰਸ਼ਾਦ ਸਿੰਗਲਾ)- ਪੰਜਾਬ ਸਕੂਲ ਸਿੱਖਿਆ ਬੋਰਡ ਅਜੀਤਗੜ੍ਹ ਦੁਆਰਾ ਘੋਸ਼ਿਤ ਕੀਤੇ ਬੋਰਡ ਜਮਾਤਾਂ ਦੇ ਨਤੀਜਿਆਂ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਕੰਨਿਆ ਸਕੂਲ ਬਰਨਾਲਾ ਦਾ ਤਿੰਨੋ ਬੋਰਡ ਜਮਾਤਾਂ ਦਾ ਨਤੀਜਾ 100% ਰਿਹਾ। 8ਵੀਂ ਜਮਾਤ ਵਿੱਚੋਂ ਹੁਸਨਪ੍ਰੀਤ ਕੌਰ ਪੁੱਤਰੀ ਸ਼੍ਰੀ ਭੁਪਿੰਦਰ ਸਿੰਘ ਜਸਦੇਵ ਕੌਰ ਨੇ 600 ਵਿੱਚੋ 583 (97%) ਅੰਕ ਸਕੂਲ ਵਿੱਚੋਂ ਪਹਿਲਾ ਸਥਾਨ, 10ਵੀਂ ਵਿੱਚੋਂ ਹਰਮਨਪ੍ਰੀਤ ਕੌਰ ਪੁੱਤਰੀ ਸ਼੍ਰੀ ਅਮਰੀਕ ਸਿੰਘ ਨੇ 615/650( 94.6%) ਅੰਕ ਪ੍ਰਾਪਤ ਕਰਕੇ ਸਕੂਲ ਵਿੱਚੋਂ ਪਹਿਲਾ ਸਥਾਨ,ਤੇ 12ਵੀਂ ਜਮਾਤ ਵਿੱਚੋਂ ਸੁਖਪ੍ਰੀਤ ਕੌਰ ਪੁੱਤਰੀ ਸ਼੍ਰੀ ਜਗਸੀਰ ਸਿੰਘ ( ਕਮਰਸ) ਨੇ 476 /500 ( 95.2%) ਅੰਕ ਪ੍ਰਾਪਤ ਕਰਕੇ ਸਕੂਲ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ। ਸਕੂਲ ਦੇ 8ਵੀਂ ਦੇ 158 ਦੇ 158 , 10ਵੀਂ ਜਮਾਤ ਦੇ 140 ਦੇ 140 ਅਤੇ 12ਵੀਂ ਜਮਾਤ ਦੇ 178 ਦੇ 178 ਬੱਚੇ ਬੋਰਡ ਪ੍ਰੀਖਿਆ ਵਿੱਚੋਂ ਪਾਸ ਹੋਏ ਅਤੇ ਸਕੂਲ ਦਾ ਨਤੀਜਾ ਸ਼ਤਪ੍ਰਤੀਸ਼ਤ ਰਿਹਾ। ਸਕੂਲ ਪ੍ਰਿੰਸੀਪਲ ਮੈਡਮ ਸ਼੍ਰੀਮਤੀ ਵਿਨਸੀ ਜਿੰਦਲ ਜੀ ਨੇ ਇਸ ਸਫਲਤਾ ਲਈ ਸਾਰੇ ਬੱਚਿਆਂ , ਓਹਨਾਂ ਦੇ ਮਾਪਿਆਂ ਅਤੇ ਅਧਿਆਪਕਾਂ ਨੂੰ ਮੁਬਾਰਕਬਾਦ ਦਿੱਤੀ। ਮੈਡਮ ਜੀ ਨੇ ਦੱਸਿਆ ਕਿ ਇਹ ਸਫਲਤਾ ਦਾ ਸਿਹਰਾ ਬੱਚਿਆਂ ਦੇ ਮਿਹਨਤ ਅਤੇ ਸਾਰੇ ਅਧਿਆਪਕਾਂ ਨੂੰ ਜਾਂਦਾ ਹੈ ਜਿਨ੍ਹਾਂ ਦੇ ਬੱਚਿਆਂ ਨੂੰ ਦਿਨ - ਰਾਤ ਕਰਕੇ ਤਿਆਰੀ ਕਰਵਾਈ, ਕਮਜੋਰ ਵਿਦਿਅਰਥੀਆਂ ਲਈ ਵਿਸ਼ੇਸ਼ ਕਲਾਸਾਂ ਲਗਾਈਆਂ । ਪ੍ਰੀਖਿਆ ਦੇ ਸਮੇਂ ਬੱਚਿਆਂ ਨੂੰ ਤਣਾਅ ਮੁਕਤ ਰੱਖਣ ਲਈ ਲਗਾਤਾਰ ਉਪਰਾਲੇ ਕੀਤੇ। ਓਹਨਾਂ ਸਮੁੱਚੇ ਸਟਾਫ਼ ਨੂੰ ਵਧਾਈ ਦਿੱਤੀ, ਇਸ ਮੁੱਕੇ ਸਕੂਲ ਮੈਨੇ.ਮੈਂਟ ਕਮੇਟੀ ਪ੍ਰਧਾਨ ਸ਼੍ਰੀਮਤੀ ਜਸਦੇਵ ਕੌਰ ਅਤੇ ਸ਼੍ਰੀ ਭੁਪਿੰਦਰ ਸਿੰਘ ਵੀ ਹਾਜ਼ਰ ਸਨ,ਜਿਨ੍ਹਾਂ ਦੀ ਬੇਟੀ ਹੁਸਨਪ੍ਰੀਤ ਕੌਰ ਨੇ ਆਪਣੀ ਅਣਥੱਕ ਮਿਹਨਤ ਸਦਕਾ 583/600 ਅੰਕ ਪ੍ਰਾਪਤ ਕਰਕੇ ਆਪਣਾ, ਆਪਣੇ ਸਕੂਲ ਅਤੇ ਮਾਪਿਆਂ ਦਾ ਨਾਂ ਰੌਸ਼ਨ ਕੀਤਾ ਹੈ। ਸ਼੍ਰੀ ਭੁਪਿੰਦਰ ਸਿੰਘ ਜੀ ਨੇ ਇਸ ਪ੍ਰਾਪਤੀ ਦਾ ਸਿਹਰਾ ਸਕੂਲ ਪ੍ਰਿੰਸੀਪਲ ਮੈਡਮ ਵਿਨਸੀ ਜਿੰਦਲ ਜੀ ਦੀ ਯੋਗ ਅਗਵਾਈ ਅਤੇ ਅਧਿਆਪਕਾਂ ਦੀ ਮੇਹਨਤ ਨੂੰ ਦਿੱਤਾ ਅਤੇ ਬਹੁਤ ਖੁਸ਼ੀ ਮਨਾਈ। ਇਸ ਮੌਕੇ ਨੀਤੂ ਸਿੰਗਲਾ, ਅਨੀਤਾ ਸ਼ਰਮਾ, ਮੰਜੂ , ਸੋਨੀਆ, ਪਲਵਿਕਾ, ਬੌਬੀ ਗੁਪਤਾ, ਆਸ਼ਾ ਰਾਣੀ, ਅਨੁਪਮਾ , ਬਲਵੀਰ ਕੌਰ, ਰੁਪਿੰਦਰਜੀਤ ਸਿੰਘ, ਨੇਹਾ ਰਾਣੀ, ਨੀਰਜ ਰਾਣੀ ਅਤੇ ਹੋਰ ਸਟਾਫ ਮੈਂਬਰ ਹਾਜਰ ਸਨ।


ਸਟਿੰਗ ਆਪ੍ਰੇਸ਼ਨ
www.stingoperation.us ਜਲੰਧਰ
ਦੇਸ਼-ਵਿਦੇਸ਼ ਅਤੇ ਪੰਜਾਬ ਦੇ ਹਰ ਕਸਬੇ ਤੋਂ ਪੱਤਰਕਾਰਾਂ ਦੀ ਲੋੜ ਹੈ
Contact : 90416-59160

ਸਟਿੰਗ ਆਪ੍ਰੇਸ਼ਨ
e-mail : stingnews24@gmail.com
www.stingoperation.us
ਜਲੰਧਰ | ਵੀਰਵਾਰ, 2 ਮਈ 2024







# ਇੱਕ ਨਜ਼ਰ





श्री गुरु गोबिंद सिंह पब्लिक स्कूल बेगपुर कमलूह की 20 वर्षीय स्थापना दिवस की खुशी के अवसर पर स्कूल के चेयरमैन इंजीनियर परमजीत सिंह, वाइस चेयरपर्सन अरविंदर कौर, मैनेजिंग डायरेक्टर इंजीनियर प्रभजीत सिंह, डॉयरेक्टर अमनदीप कौर, कार्यक्रम में विशेष रूप से उपस्थित हुए। उन्होंने प्रिंसिपल शिखा वालिया और स्टाफ के साथ केक काटकर इस दिन को यादगार बनाया। विद्यार्थियों को गिफ्ट बांटे गए। शिक्षा के क्षेत्र में पिछड़े हुए इस ग्रामीण क्षेत्र में स्कूल खोलकर चेयरमैन सर ने जो योगदान पाया है,वह सदा ही सराहनीय है। भगवान से यही प्रार्थना है कि यह संस्था दिन दुगुनी रात चौगुनी तरक्की करें।

**छाया व विवरण : इंद्रजीत वारिक्य मुकेरियां**

## ਗੁਰੂ ਨਾਨਕ ਪਬਲਿਕ ਸਕੂਲ ਰਾਜੌਰੀ ਗਾਰਡਨ ਨੇ ਮਨਾਇਆ ਅੰਤਰਰਾਸ਼ਟਰੀ ਮਜ਼ਦੂਰ ਦਿਵਸ

### ਮਜ਼ਦੂਰਾਂ ਕਰਕੇ ਸਾਡਾ ਆਲਾ-ਦੁਆਲਾ ਤੇ ਵਾਤਾਵਰਨ ਸਾਫ਼-ਸੁਥਰਾ ਹੈ: ਪ੍ਰਿੰ. ਮਨਪ੍ਰੀਤ ਕੌਰ



ਨਵੀਂ ਦਿੱਲੀ, 1 ਮਈ (ਸੁਖਰਾਜ ਸਿੰਘ): ਗੁਰੂ ਨਾਨਕ ਪਬਲਿਕ ਸਕੂਲ ਰਾਜੌਰੀ ਗਾਰਡਨ ਵਿਖੇ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਮਨਾਇਆ। ਇਸ ਮੌਕੇ ਜਮਾਤ ਦੱਸਵੀਂ ਦੀਆਂ ਵਿਦਿਆਰਥਣਾਂ ਮੰਨਤ ਕੌਰ ਤੇ ਹਰਸਿਮਰਨ ਕੌਰ ਨੇ ਸਟੇਜ ਦਾ ਸੰਚਾਲਨ ਸੰਭਾਲਦਿਆਂ ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਦੱਸਿਆ ਕਿ ਭਾਰਤ ਹੀ ਨਹੀਂ, ਸਗੋਂ ਦੁਨੀਆਂ ਭਰ ਦੇ ਲੱਗਭਗ 80 ਦੇਸ਼ਾਂ ਵਿੱਚ ਇਹ ਦਿਨ ਮਜ਼ਦੂਰਾਂ ਦੀ ਮਿਹਨਤ ਦੇ ਸਨਮਾਨ ਦੇ ਰੂਪ 'ਚ ਮਨਾਇਆ ਜਾਂਦਾ ਹੈ।ਇਸ ਮੌਕੇ ਜਮਾਤ ਦੱਸਵੀਂ ਦੇ ਵਿਦਿਆਰਥੀ ਯੁਵਰਾਜ ਸਿੰਘ ਨੇ ਜਿੱਥੇ ਆਪਣੀ ਕਵਿਤਾ ਰਾਹੀ ਇਸ ਮਜ਼ਦੂਰ ਦਿਵਸ ਤੇ ਸਕੂਲ 'ਚ ਕੰਮ ਕਰਨ ਵਾਲੇ ਕਰਮਚਾਰੀਆਂ ਦਾ ਅਭਿਨੰਦਨ ਕੀਤਾ, ਉੱਥੇ ਦੱਸਵੀਂ ਦੀ ਵਿਦਿਆਰਥਣ ਹਰਸਿਫ਼ਤ ਕੌਰ ਨੇ ਆਪਣੀ ਕਵਿਤਾ ਰਾਹੀ ਮਜ਼ਦੂਰ ਦੇ ਦਿਲ ਦੇ ਦਰਦ ਨੂੰ ਕਵਿਤਾ ਰਾਹੀ ਬਿਆਨ ਕਰਦੇ ਹੋਏ ਕਿਹਾ ਕਿ ਮੈ ਮਜ਼ਦੂਰ ਕੁਝ ਇਸ ਤਰ੍ਹਾਂ ਜੀਣਾ ਚਾਹ ਰਹਾ ਹਾਂ... ਮਿਹਨਤ ਦੇ ਬਦਲੇ ਦੋ ਵਕਤ ਕੀ ਰੋਟੀ ਪਾਉਣਾ ਚਾਹ ਰਹਾ ਹਾਂ" ਜਮਾਤ ਤੀਜੀ ਦੇ ਵਿਦਿਆਰਥੀ ਰਣਜੀਤ ਸਿੰਘ ਨੇ ਵੀ ਅੰਗਰੇਜ਼ੀ ਦੀ ਇੱਕ ਕਵਿਤਾ ਦੇ ਰਾਹੀ ਮਜ਼ਦੂਰਾਂ ਦੀ ਸਖਤ ਮਿਹਨਤ ਨੂੰ ਸਲਾਮ ਕੀਤਾ।ਉਪਰੰਤ ਸਕੂਲ ਵਿੱਚ ਕੰਮ ਕਰਨ ਵਾਲੇ ਫੋਰਥ ਕਲਾਸ ਕਰਮਚਾਰੀਆਂ ਨੂੰ ਸਕੂਲ ਦੀ ਸੀਨੀਅਰ ਅਧਿਆਪਕ ਰਮਿੰਦਰ ਕੌਰ, ਕੁਲਬੀਰ ਕੌਰ, ਕੰਚਨ ਅਤੇ ਪ੍ਰਿੰਸੀਪਲ ਸਰਦਾਰਨੀ ਮਨਪ੍ਰੀਤ ਕੌਰ ਨੇ ਸਨਮਾਨਿਤ ਕੀਤਾ। ਇਸ ਮੌਕੇ ਸਕੂਲ ਦੇ ਸੀਨੀਅਰ ਸਟੇਟ ਆਫਿਸਰ ਸ. ਅਰਵਿੰਦਰ ਸਿੰਘ ਰਾਜਾ ਵੀਰ ਜੀ ਨੇ ਸੱਭ ਦਾ ਦਿਲੋਂ ਧੰਨਵਾਦ ਕਰਦੇ ਹੋਏ ਬੱਚਿਆਂ ਨੂੰ ਇੱਕ ਨਸੀਹਤ ਦਿੱਤੀ ਕਿ ਸਾਨੂੰ ਸਾਰਿਆਂ ਨੂੰ ਅੱਜ ਦੇ ਦਿਨ ਇਹ ਪ੍ਰਣ ਕਰਨਾ ਚਾਹੀਦਾ ਹੈ ਕਿ ਅਸੀਂ ਸਕੂਲ ਅਤੇ ਆਪਣੇ ਆਲੇ-ਦੁਆਲੇ ਨੂੰ ਸਾਫ-ਸੁਥਰਾ ਰੱਖਣ ਵਿੱਚ ਪੂਰਾ ਸਹਿਯੋਗ ਦਵਾਂਗੇ।ਅਖਿਰ 'ਚ ਸਕੂਲ ਦੀ ਪ੍ਰਿੰਸੀਪਲ ਸਰਦਾਰਨੀ ਮਨਪ੍ਰੀਤ ਕੌਰ ਨੇ ਸੰਬੋਧਿਨ ਕਰਦਿਆਂ ਕਿਹਾ ਕਿ ਅੱਜ ਦਾ ਦਿਨ ਮਜ਼ਦੂਰਾਂ ਦਾ ਦਿਨ ਹੈ।ਇਹਨਾਂ ਦੀ ਮਦਦ ਸਦਕਾ ਹੀ ਸਾਡਾ ਆਲਾ-ਦੁਆਲਾ ਸਾਫ਼-ਸੁਥਰਾ ਹੈ ਅਤੇ ਅਸੀਂ ਸਾਫ਼ ਵਾਤਾਵਰਨ ਵਿੱਚ ਰਹਿ ਪਾ ਰਹੇ ਹਾਂ ਤੇ ਸਾਫ਼ ਹਵਾ 'ਚ ਸਾਹ ਲੈ ਰਹੇ ਹਾਂ।ਉਨ੍ਹਾਂ ਨੇ ਸਕੂਲ ਦੇ ਫ਼ੋਰਥ ਕਲਾਸ ਕਰਮਚਾਰੀਆਂ ਦਾ ਦਿਲੋਂ ਧੰਨਵਾਦ ਕਰਦਿਆਂ ਸਨਮਾਨਿਤ ਕੀਤਾ।

ਸਟਿੰਗ ਆਪ੍ਰੇਸ਼ਨ
www.stingoperation.us ਜਲੰਧਰ
ਦੇਸ਼-ਵਿਦੇਸ਼ ਅਤੇ ਪੰਜਾਬ ਦੇ ਹਰ ਕਸਬੇ ਤੋਂ ਪੱਤਰਕਾਰਾਂ ਦੀ ਲੋੜ ਹੈ
Contact : 90416-59160

### ਕੁਲ ਹਿੰਦ ਕਿਸਾਨ ਸਭਾ,ਕੁਲ ਹਿੰਦ ਖੇਤ ਮਜਦੂਰ ਯੂਨੀਅਨ ਅਤੇ ਆਂਗਣਵਾੜੀ ਮੁਲਾਜ਼ਮ ਯੂਨੀਅਨ (ਸੀਟੂ) ਵਲੋਂ

# ਬੀਡੀਪੀਓ ਦਫਤਰ ਸਾਹਮਣੇ ਮਜਦੂਰ ਦਿਵਸ ਮਨਾਇਆ ਗਿਆ

**ਆਖਿਆ ਕਿ ਜੇਕਰ ਜਨਤਾ ਨੇ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਦੀ ਭਲਾਈ ਦੇਖਣੀ ਹੈ ਤਾਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਨੂੰ ਹਰਾਉਣ ਲਈ ਸਭ ਗਿਲੇ ਸ਼ਿਕਵੇ ਛੱਡ ਕੇ ਉਸ ਵਿਰੁੱਧ ਵੋਟ ਦੀ ਵਰਤੋਂ ਕਰਨੀ ਚਾਹੀਦੀ ਹੈ, ਤਾਂ ਜ਼ੋ ਮਜ਼ਦੂਰਾਂ, ਕਿਸਾਨਾਂ ਅਤੇ ਹੋਰ ਮਿਹਨਤੀ ਲੋਕਾਂ ਦੇ ਹਿੱਤਾਂ ਦੀ ਰਾਖੀ ਕੀਤੀ ਜਾ ਸਕੇ**



ਮੁਕੇਰੀਆਂ, 1 ਮਈ (ਇੰਦਰਜੀਤ ਵਰਿਕਿਆ)- ਕੁਲ ਹਿੰਦ ਕਿਸਾਨ ਸਭਾ,ਕੁਲ ਹਿੰਦ ਖੇਤ ਮਜਦੂਰ ਯੂਨੀਅਨ ਅਤੇ ਆਂਗਣਵਾੜੀ ਮੁਲਾਜ਼ਮ ਯੂਨੀਅਨ (ਸੀਟੂ) ਵਲੋਂ ਸਾਂਝੇ ਤੌਰ ਤੇ ਸਥਾਨਕ ਬੀ ਡੀ ਪੀ ਓ ਦਫਤਰ ਸਾਹਮਣੇ ਮਜਦੂਰ ਦਿਵਸ ਦੇ ਮੌਕੇ ਤੇ ਨਿੱਜੀਕਰਨ, ਉਦਾਰੀਕਰਨ ਅਤੇ ਕਾਰਪੋਰੇਟ ਪੱਖੀ ਸੰਸਾਰੀਕਰਨ ਅਤੇ ਵਧ ਰਹੀ ਨਾਬਰਾਬਰੀ , ਭ੍ਰਿਸ਼ਟਾਚਾਰ, ਫਿਰਕਾਪ੍ਰਸਤੀ ਵਿਰੁੱਧ ਸਮਝੌਤਾ ਰਹਿਤ ਸੰਘਰਸ਼ ਲਗਾਤਾਰ ਜਾਰੀ ਰੱਖਣ ਦਾ ਫੈਸਲਾ ਕੀਤਾ ਗਿਆ।ਐਕਸ਼ਨ ਦੀ ਅਗਵਾਈ ਸੁਰੇਸ਼ ਚਨੌਰ, ਰਘਬੀਰ ਸਿੰਘ ਪੰਡੋਰੀ, ਜੋਗਿੰਦਰ ਕੌਰ ਮੁਕੇਰੀਆਂ ਨੇ ਕੀਤੀ, ਜਿਸ ਵਿਚ ਸਭਾ ਦੇ ਸੂਬਾ ਪ੍ਰੈਸ ਸਕੱਤਰ ਆਸ਼ਾ ਨੰਦ ਨੇ ਵੀ ਸ਼ਿਰਕਤ ਕੀਤੀ। ਇਸ ਮੌਕੇ ਜ਼ਬਰਦਸਤ ਪ੍ਰਦਰਸ਼ਨ ਕਰਦਿਆਂ ਕੇਂਦਰ ਸਰਕਾਰ, ਪੰਜਾਬ ਸਰਕਾਰ ਅਤੇ ਪੰਚਾਇਤ ਵਿਭਾਗ ਖ਼ਿਲਾਫ਼ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ। ਆਪਣੇ ਸੰਬੋਧਨ ਵਿੱਚ ਬੁਲਾਰਿਆਂ ਨੇ ਕਿਹਾ ਕਿ ਮਈ ਦਿਵਸ ਕਾਰਪੋਰੇਟਾਂ ਦੇ ਅੱਤਿਆਚਾਰ ਖ਼ਿਲਾਫ਼ ਮਜਦੂਰ ਜਮਾਤ ਦੇ ਜੇਤੂ ਸੰਘਰਸ਼ ਦਾ ਪ੍ਰਤੀਕ ਹੈ। ਉਨ੍ਹਾਂ ਆਖਿਆ ਕਿ ਜੋ ਹੱਕ ਮਜਦੂਰ ਜਮਾਤ ਨੇ ਅੱਜ ਤੱਕ ਲਹੂ ਵੀਟਵੇਂ ਸੰਘਰਸ਼ ਰਾਹੀਂ ਪ੍ਰਾਪਤ ਕੀਤੇ ਹਨ, ਮੋਦੀ ਸਰਕਾਰ ਸਭ ਤੋਂ ਵੱਧ ਤੇਜ਼ੀ ਨਾਲ ਉਨ੍ਹਾਂ ਨੂੰ ਕਾਰਪੋਰੇਟਾਂ ਦੇ ਹੱਕ ਵਿੱਚ ਤਬਦੀਲ ਕਰਨ ਲਈ ਪੱਬਾਂ ਭਾਰ ਹੋਈ ਪਈ ਹੈ। ਉਨ੍ਹਾਂ ਆਖਿਆ ਕਿ ਸਰਕਾਰੀ ਅਦਾਰਿਆਂ ਦਾ ਨਿੱਜੀਕਰਨ, ਵਿਦੇਸ਼ੀ ਬਹੁਕੌਮੀ ਕਾਰਪੋਰੇਸ਼ਨਾਂ ਨੂੰ ਬਿਨਾਂ ਟੈਕਸ ਵਪਾਰ ਦੀ ਖੁਲ੍ਹ ਦੇਣ, ਕਾਰਪੋਰੇਟ ਪੱਖੀ ਸੰਸਾਰੀਕਰਨ, ਕੰਮ ਦਿਹਾੜੀ 8 ਤੋਂ 12 ਘੰਟੇ ਕਰਨ, ਕਿਸਾਨਾਂ ਦੀਆਂ ਜ਼ਮੀਨਾਂ ਖੋਹ ਕੇ ਕਾਰਪੋਰੇਟਾਂ ਨੂੰ ਦੇਣ, ਐਮ ਐਸ ਪੀ ਨਾ ਦੇਣ, ਅਗਨੀਵੀਰ ਯੋਜਨਾ ਲਾਗੂ ਕਰਨ, ਸਸਤੀ ਲੇਬਰ ਪੈਦਾ ਕਰਨ ਲਈ ਬੇਰੁਜ਼ਗਾਰੀ ਚ ਵਾਧਾ ਕਰਨ, ਕਾਰਪੋਰੇਟ ਦੇ ਕਰਜ਼ੇ ਮੁਆਫ਼ ਕਰਨ ਅਤੇ ਬਾਕੀ ਜਨਤਾ ਦੇ ਨਾ ਕਰਨ, ਕਹਿਣੀ ਦੇ ਉਲਟ ਕੰਮ ਕਰਨ, ਆਂਗਣਵਾੜੀ ਕਾਮਿਆਂ ਨੂੰ ਪੱਕੇ ਨਾ ਕਰਨਅਤੇ ਇਹ ਸਭ ਕਰਨ ਲਈ ਤਾਨਾਸ਼ਾਹੀ ਕਾਇਮ ਕਰਨ ਵਾਲੇ ਕਾਰਨਾਮੇ ਉਸਦੀ ਇਸੇ ਮਨਸ਼ਾ ਦਾ ਹਿੱਸਾ ਹੈ।ਉਨ੍ਹਾਂ ਆਖਿਆ ਕਿ ਆਰ ਐਸ ਐਸ, ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ 2047 ਤੱਕ ਭਾਰਤ ਨੂੰ ਮਹਾਂਸ਼ਕਤੀ ਬਣਾਉਣ ਦੀ ਗਰੰਟੀ ਦੇ ਰਹੀ ਹੈ, ਪ੍ਰੰਤੂ ਉਸ ਤੋਂ ਨੋਟਬੰਦੀ ਵੇਲੇ ਕਢਵਾਏ ਕਾਲੇ ਧਨ ਦੇ 15-15 ਲੱਖ ਦੀ, 2022 ਤੱਕ ਕਿਸਾਨਾਂ ਦੀ ਆਮਦਨ ਦੁਗਣੀ ਕਰਨ, ਹਰ ਸਾਲ 2 ਕਰੋੜ ਰੁਜ਼ਗਾਰ ਦੇਣ ਅਤੇ ਹੋਰ ਫਲਾਪ ਗਰੰਟੀਆਂ ਦਾ ਹਿਸਾਬ ਮੰਗ ਕੇ ਪੁੱਛਿਆ ਜਾਵੇ ਕਿ ਹੁਣ ਦੀਆਂ ਗਰੰਟੀਆਂ ਦੀ ਕੀ ਗਰੰਟੀ ਹੈ। ਉਨ੍ਹਾਂ ਆਖਿਆ ਕਿ ਭਾਜਪਾ ਵਾਲੇ ਬੀਫ ਕੰਪਨੀਆਂ ਤੋਂ 250 ਕਰੋੜ ਦਾ ਚੰਦਾ ਲੈ ਆਏ। ਦੂਜਿਆਂ ਨੂੰ ਕੁਰਪਟ ਕਹਿਣ ਵਾਲੇ ਇਲੈਕਟ੍ਰੋਲ ਬਾਂਡ ਦੇ ਘੁਟਾਲੇ ਦੇ ਹੀਰੋ ਹਨ।ਦੂਜੀ ਪਾਰਟੀ ਦੇ ਨੇਤਾ ਨੂੰ ਕੁਰਪਸ਼ਨ ਦਾ ਡਰਾਵਾ ਦੇ ਕੇ ਆਪਣੀ ਪਾਰਟੀ ਚ ਸ਼ਾਮਲ ਕਰਕੇ ਕਲੀਨ ਚਿੱਟ ਦੇ ਰਹੇ ਹਨ। ਉਨ੍ਹਾਂ ਆਖਿਆ ਕਿ ਇਮਾਨਦਾਰੀ ਦਾ ਬੁਰਕਾ ਪਾ ਕੇ ਸੱਤਾ ਵਿਚ ਆਈ ਆਮ ਆਦਮੀ ਪਾਰਟੀ ਵੀ ਕੁਰਪਸ਼ਨ ਨੂੰ ਬੜਾਵਾ ਦੇ ਰਹੀ ਹੈ। ਅਤੇ ਬੀ ਜੇ ਪੀ ਵਾਲੇ ਰਾਹ ਚਲ ਰਹੀ ਹੈ।ਉਨ੍ਹਾਂ ਆਖਿਆ ਕਿ ਜੇਕਰ ਜਨਤਾ ਨੇ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਦੀ ਭਲਾਈ ਦੇਖਣੀ ਹੈ ਤਾਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਨੂੰ ਹਰਾਉਣ ਲਈ ਸਭ ਗਿਲੇ ਸ਼ਿਕਵੇ ਛੱਡ ਕੇ ਉਸ ਵਿਰੁੱਧ ਵੋਟ ਦੀ ਵਰਤੋਂ ਕਰਨੀ ਚਾਹੀਦੀ ਹੈ, ਤਾਂ ਜ਼ੋ ਮਜ਼ਦੂਰਾਂ, ਕਿਸਾਨਾਂ ਅਤੇ ਹੋਰ ਮਿਹਨਤੀ ਲੋਕਾਂ ਦੇ ਹਿੱਤਾਂ ਦੀ ਰਾਖੀ ਕੀਤੀ ਜਾ ਸਕੇ। ਉਨ੍ਹਾਂ ਆਖਿਆ ਕਿ ਉਪਰੋਕਤ ਮੁਦਿਆਂ ਅਤੇ ਪੰਚਾਇਤ ਵਿਭਾਗ ਦੀ ਕੁਰਪਸ਼ਨ ਵਿਰੁੱਧ ਸੰਘਰਸ਼ ਜਾਰੀ ਰਹੇਗਾ, ਭਾਵੇਂ ਕਿ ਲੋਕ ਸਭਾ ਚੋਣਾਂ ਵਿੱਚ ਚੋਣ ਪ੍ਰਚਾਰ ਲਈ ਲੱਗੀਆਂ ਡਿਊਟੀਆਂ ਕਰਕੇ ਇਸ ਨੂੰ ਕੁਝ ਸਮੇਂ ਲਈ ਪੋਸਟਪੋਨ ਕੀਤਾ ਗਿਆ ਹੈ। ਇਸ ਮੌਕੇ ਯਸ਼ਪਾਲ ਚਨੌਰ, ਰਜਿੰਦਰ ਸਨਿਆਲ , ਜਸਵੰਤ ਸਿੰਘ ਛੰਨੀ, ਸੁਰਜੀਤ ਸਿੰਘ ਛੰਨੀ, ਭੁਪਿੰਦਰ ਸਿੰਘ, ਵਿਜੇ ਸਿੰਘ ਪੋਤਾ, ਬੋਧ ਰਾਜ, ਰਕੇਸ਼ ਕੁਮਾਰ, ਸੋਨੂੰ ਮੋਬਾਇਲ , ਜਸਪਾਲ ਚੰਦ ,ਰਘਬੀਰ ਗਿੱਲ, ਬਲਵਿੰਦਰ ਸਿੰਘ, ਪ੍ਰੀਕਸਿਤ ਸਿੰਘ, ਮਨੋਹਰ ਲਾਲ, ਯਸ਼ਪਾਲ ਸਿੰਘ ਪੰਡੋਰੀ, ਦੀਵਾਨ ਚੰਦ, ਬਲਦੇਵ ਰਾਜ ਚੱਕ ਭਾਈਆਂ, ਰਾਮ ਸਿੰਘ, ਸੁਖਦੇਵ ਰਾਜ,ਰਵੀ ਕੁਮਾਰ ,ਸੁਭਮ ਮਿਨਹਾਸ, ਨਿਰਮਲ ਸਿੰਘ, ਕੇਸ਼ਵ, ਵਿਸ਼ਾਲ, ਨਰਿੰਦਰ ਸਿੰਘ, ਗੁਰਦੀਪ ਸਿੰਘ, ਉਂਕਾਰ ਸਿੰਘ, ਮਨਜੀਤ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਲੋਕ ਹਾਜ਼ਰ ਸਨ।

### ਸਰਬੱਤ ਦਾ ਭਲਾ ਟਰੱਸਟ ਵੱਲੋਂ ਸਰਹੱਦੀ ਖੇਤਰ 'ਚ ਲੈਬ ਅਤੇ ਡਾਇਗਨੋਸਟਿਕ ਸੈਂਟਰ ਦਾ ਉਦਘਾਟਨ

# ਡਾ.ਓਬਰਾਏ ਦੇ ਬੇਮਿਸਾਲ ਸੇਵਾ ਕਾਰਜਾਂ ਨੇ ਹਮੇਸ਼ਾਂ ਪੰਜਾਬੀਅਤ ਦਾ ਮਾਣ ਵਧਾਇਆ : ਸਰਬਜੀਤ ਸਿੰਘ

**ਡਾ. ਐਸ.ਪੀ. ਸਿੰਘ ਓਬਰਾਏ ਨੇ ਦੱਸਿਆ ਕਿ ਟਰੱਸਟ ਵੱਲੋਂ ਹੁਣ ਤੱਕ ਪੰਜਾਬ ਤੇ ਹਰਿਆਣਾ ਸਮੇਤ ਹੋਰਨਾਂ ਸੂਬਿਆਂ 'ਚ 95 ਤੋਂ ਵੱਧ ਲੈਬਾਰਟਰੀਆਂ ਖੋਲ੍ਹੀਆਂ ਜਾ ਚੁੱਕੀਆਂ ਹਨ ...**





ਸਰਾਏ ਅਮਾਨਤ ਖਾਂ, 1 ਮਈ (ਗੁਰਬੀਰ ਸਿੰਘ ਗੰਡੀਵਿੰਡ)- ਆਪਣੀ ਜੇਬ੍ਹ 'ਚੋਂ ਹੀ ਕਰੋੜਾਂ ਰੁਪਏ ਸੇਵਾ ਕਾਰਜਾਂ 'ਤੇ ਖ਼ਰਚ ਕਰਨ ਵਾਲੇ ਦੁਬਈ ਦੇ ਉੱਘੇ ਕਾਰੋਬਾਰੀ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੁੱਖੀ ਡਾ.ਐੱਸ.ਪੀ.ਸਿੰਘ ਓਬਰਾਏ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 400 ਸਾਲਾ ਆਗਮਨ ਪੁਰਬ ਨੂੰ ਸਮਰਪਿਤ 'ਸੰਨੀ ਓਬਰਾਏ ਕਲੀਨੀਕਲ ਲੈਬ ਅਤੇ ਡਾਇਗਨੋਸਟਿਕ ਸੈਂਟਰ' ਦਾ ਉਦਘਾਟਨ ਅੱਜ ਅੰਮ੍ਰਿਤਸਰ ਦੇ ਸਰਹੱਦੀ ਪਿੰਡ ਚੀਚਾ ਦੇ 'ਗੁਰੂ ਨਾਨਕ ਸਿੱਖਿਆ ਤੇ ਸੇਵਾ ਕੇਂਦਰ' ਵਿਖੇ ਕੀਤਾ ਗਿਆ। ਸਮਾਗਮ 'ਚ ਟਰੱਸਟੀ ਡਾ.ਸਤਨਾਮ ਸਿੰਘ ਨਿੱਜਰ ਨੇ ਵੀ ਬਤੌਰ ਵਿਸ਼ੇਸ਼ ਮਹਿਮਾਨ ਸ਼ਿਰਕਤ ਕੀਤੀ। ਅੰਮ੍ਰਿਤਸਰ ਜ਼ਿਲ੍ਹੇ ਦੇ ਸਰਹੱਦੀ ਖੇਤਰ 'ਚ ਭਕਨਾ-ਚੀਚਾ ਰੋਡ 'ਤੇ 'ਲੰਗਰੁ ਚਲੈ ਗੁਰ ਸਬਦਿ ਸੰਸਥਾ' ਵੱਲੋਂ ਚਲਾਏ ਜਾ ਰਹੇ ਗੁਰੂ ਨਾਨਕ ਸਿੱਖਿਆ ਤੇ ਸੇਵਾ ਕੇਂਦਰ ਵਿਖੇ ਖੋਲ੍ਹੀ ਗਈ ਇਸ ਲੈਬਾਰਟਰੀ ਦੇ ਉਦਘਾਟਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡਾ.ਐੱਸ.ਪੀ.ਸਿੰਘ ਓਬਰਾਏ ਨੇ ਪੰਜਾਬ ਸਮੇਤ ਹੋਰਨਾਂ ਸੂਬਿਆਂ 'ਚ ਸਰਬੱਤ ਦਾ ਭਲਾ ਟਰੱਸਟ ਵੱਲੋਂ ਨਿਭਾਈਆਂ ਜਾ ਰਹੀਆਂ ਸੇਵਾਵਾਂ ਦੀ ਜਾਣਕਾਰੀ ਦਿੱਤੀ ਅਤੇ ਕਿਹਾ ਕਿ ਟਰੱਸਟ ਵੱਲੋਂ ਸਥਾਪਤ ਕੀਤੀ ਗਈ ਬਹੁਤ ਹੀ ਘੱਟ ਖ਼ਰਚੇ ਵਾਲੀ ਇਸ ਲੈਬਾਰਟਰੀ ਨਾਲ ਅੰਮ੍ਰਿਤਸਰ ਜ਼ਿਲ੍ਹੇ ਦੇ ਸਰਹੱਦੀ ਪਿੰਡਾਂ ਨੂੰ ਬਹੁਤ ਵੱਡੀ ਸਹੂਲਤ ਮਿਲੇਗੀ।ਡਾ.ਐਸ.ਪੀ. ਸਿੰਘ ਓਬਰਾਏ ਨੇ ਦੱਸਿਆ ਕਿ ਟਰੱਸਟ ਵੱਲੋਂ ਹੁਣ ਤੱਕ ਪੰਜਾਬ ਤੇ ਹਰਿਆਣਾ ਸਮੇਤ ਹੋਰਨਾਂ ਸੂਬਿਆਂ 'ਚ 95 ਤੋਂ ਵੱਧ ਲੈਬਾਰਟਰੀਆਂ ਖੋਲ੍ਹੀਆਂ ਜਾ ਚੁੱਕੀਆਂ ਹਨ, ਜਿਨ੍ਹਾਂ ਅੰਦਰ ਹਰ ਸਾਲ ਲਗਭਗ 12 ਲੱਖ ਦੇ ਕਰੀਬ ਲੋਕ ਕੇਵਲ ਲਾਗਤ ਦਰਾਂ 'ਤੇ ਆਪਣੇ ਟੈਸਟ ਕਰਵਾ ਰਹੇ ਹਨ। ਉਨ੍ਹਾਂ ਲੰਗਰੁ ਚਲੈ ਗੁਰ ਸਬਦਿ ਸੰਸਥਾ ਵੱਲੋਂ ਚਲਾਏ ਜਾ ਰਹੇ ਗੁਰੂ ਨਾਨਕ ਸਿੱਖਿਆ ਤੇ ਸੇਵਾ ਕੇਂਦਰ ਦੀ ਵੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਸੰਸਥਾ ਇਸ ਸਰਹੱਦੀ ਖੇਤਰ ਦੇ ਬੱਚਿਆਂ ਲਈ ਚਾਨਣ ਮੁਨਾਰਾ ਸਾਬਿਤ ਹੋਵੇਗੀ।ਡਾ: ਓਬਰਾਏ ਨੇ ਇਸ ਕੇਂਦਰ ਵਿੱਚ ਜਲਦੀ ਹੀ ਕੰਪਿਊਟਰ ਸਿਖਲਾਈ ਕੇਂਦਰ ਤੇ ਸਿਲਾਈ ਕੇਂਦਰ ਖੋਲ੍ਹਣ ਦਾ ਵੀ ਐਲਾਨ ਕੀਤਾ। ਇਸ ਮੌਕੇ ਸੰਸਥਾ ਦੇ ਚੇਅਰਮੈਨ ਸਰਬਜੀਤ ਸਿੰਘ ਹੁਸ਼ਿਆਰਨਗਰ ਨੇ ਡਾ: ਓਬਰਾਏ ਤੇ ਸਰਬੱਤ ਦਾ ਭਲਾ ਟਰੱਸਟ ਵੱਲੋਂ ਲੋੜਵੰਦਾਂ ਲਈ ਚਲਾਈਆਂ ਜਾ ਰਹੀਆਂ ਯੋਜਨਾਵਾਂ ਦੀ ਪ੍ਰਸੰਸਾ ਕੀਤੀ ਤੇ ਕਿਹਾ ਕਿ ਇਹ ਕੇਂਦਰ ਪੇਂਡੂ ਤੇ ਸਰਹੱਦੀ ਖੇਤਰ ਦੇ ਲੋਕਾਂ ਲਈ ਕਾਰਜਸ਼ੀਲ ਰਹੇਗੀ। ਇਸ ਮੌਕੇ ਟਰੱਸਟ ਦੇ ਮੀਡੀਆ ਸਲਾਹਕਾਰ ਰਵਿੰਦਰ ਰੌਬਿਨ, ਪੰਜਾਬ ਪ੍ਰਧਾਨ ਸੁਖਜਿੰਦਰ ਸਿੰਘ ਹੇਰ, ਸਲਾਹਕਾਰ ਸੁਖਦੀਪ ਸਿੱਧੂ, ਜ਼ਿਲ੍ਹਾ ਪ੍ਰਧਾਨ ਸ਼ਿਸ਼ਪਾਲ ਸਿੰਘ ਲਾਡੀ, ਜਨਰਲ ਸਕੱਤਰ ਮਨਪ੍ਰੀਤ ਸੰਧੂ,ਨਵਜੀਤ ਘਈ, ਜਗਦੇਵ ਸਿੰਘ ਛੀਨਾ,ਸੁਖਚੈਨ ਸਿੰਘ ਹੇਰ,ਸੁਖਦੀਪ ਸਿੰਘ ਚੀਚਾ, ਡਾ. ਗੁਰਬਲਜੀਤ ਸਿੰਘ, ਮੋਹਨਜੀਤ ਸਿੰਘ ਪਟਵਾਰੀ, ਡਾ. ਜਸਮਿੰਦਰਜੀਤ ਸਿੰਘ, ਐਡਵੋਕੇਟ ਰਣਜੀਤ ਸਿੰਘ, ਸਤਨਾਮ ਸਿੰਘ ਚੀਚਾ, ਸਰਪੰਚ ਸੁਖਦੇਵ ਸਿੰਘ, ਚਰਨਜੀਤ ਸਿੰਘ ਭਕਨਾ, ਲਖਵਿੰਦਰ ਸਿੰਘ,ਪ੍ਰੋ: ਭੁਪਿੰਦਰ ਸਿੰਘ ਭਕਨਾ, ਜਸਬੀਰ ਸਿੰਘ ਭਕਨਾ, ਬਲਜਿੰਦਰ ਸਿੰਘ ਬੱਲ,ਮਾਸਟਰ ਅਵਤਾਰ ਸਿੰਘ ਸੋਹਲ, ਸੁਖਦੀਪ ਸਿੰਘ ਚੀਚਾ ਤੇ ਸੰਸਥਾ ਦੇ ਪ੍ਰਚਾਰਕ ਵੀ ਮੌਜੂਦ ਸਨ।

ਸਟਿੰਗ ਆਪ੍ਰੇਸ਼ਨ
e-mail : stingnews24@gmail.com
www.stingoperation.us
ਜਲੰਧਰ । ਵੀਰਵਾਰ, 2 ਮਈ 2024







### ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਜਾਰੀ ਅੱਠਵੀਂ ਅਤੇ ਬਾਰਵੀਂ ਦੇ ਨਤੀਜਿਆਂ 'ਚੋਂ

# 8ਵੀਂ 'ਚੋਂ 5 ਮੈਰਿਟਾਂ ਅਤੇ 12ਵੀਂ ਪ੍ਰੀਖਿਆ 'ਚੋਂ ਇਕ ਮੈਰਿਟ ਹਾਸਿਲ ਕਰਕੇ ਐਫੀਲੀਏਟਿਡ ਸਕੂਲਾਂ 'ਚ ਨਿਊ ਫਲਾਵਰਜ ਸਕੂਲ ਅੰਮ੍ਰਿਤਸਰ ਬਣਿਆ ਮੋਹਰੀ

- ਨਿਊ ਫਲਾਵਰਜ ਸਕੂਲ ਦੇ ਸਮੂਹ ਅਧਿਆਪਕਾਂ ਅਤੇ ਵਿਦਿਆਰਥੀਆਂ ਨੇ ਭੰਗੜੇ ਪਾ ਕੇ ਅਤੇ ਲੱਡੂ ਵੰਡ ਕੇ ਮਨਾਇਆ ਜਸ਼ਨ • ਸਕੂਲ ਦੇ ਸਮੂਹ ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਮਿਹਨਤ ਸਦਕਾ ਸਕੂਲ ਦਾ ਨਾਮ ਰੋਸ਼ਨ ਹੋਇਆ : ਪ੍ਰਿੰਸੀਪਲ ਕੁਲਵਿੰਦਰ ਕੌਰ
- ਪ੍ਰਾਈਵੇਟ ਸਕੂਲਾਂ ਨੂੰ ਬਦਨਾਮ ਕਰਨ ਵਾਲਿਆਂ ਦੇ ਇੱਕ ਵੱਡੀ ਚਪੇੜ : ਚੇਅਰਮੈਨ ਹਰਪਾਲ ਸਿੰਘ ਯੂਕੇ











**ਹਰਪਾਲ ਸਿੰਘ ਭੰਗੂ ਦੀ ਵਿਸ਼ੇਸ਼ ਰਿਪੋਰਟ**

ਅੰਮ੍ਰਿਤਸਰ, 1 ਮਈ : ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਬੋਰਡ ਦੀ ਸਾਈਟ ਤੇ ਨਤੀਜੇ ਘੋਸ਼ਿਤ ਹੁੰਦਿਆ ਹੀ ਜਦੋਂ ਮੈਰਿਟ ਲਿਸਟ ਵਿਚ ਨਿਊ ਫਲਾਵਰਜ ਸਕੂਲ ਦੇ ਵਿਦਿਆਰਥਣਾਂ ਨੇ ਮੈਰਿਟਾਂ ਹਾਸਲ ਕੀਤੀਆਂ ਤਾਂ ਸਕੂਲ ਦੇ ਚੇਅਰਮੈਨ ਹਰਪਾਲ ਸਿੰਘ ਯੂ.ਕੇ.ਅਤੇ ਪ੍ਰਿੰਸੀਪਲ ਕੁਲਵਿੰਦਰ ਕੌਰ ਅਤੇ ਅਧਿਆਪਕਾਂ ਦੀ ਖ਼ੁਸ਼ੀ ਦਾ ਕੋਈ ਟਿਕਾਣਾ ਨਹੀ ਰਿਹਾ। ਇਹ ਖਬਰ ਸੁਣਦਿਆ ਸਾਰ ਹੀ ਹਰਪਾਲ ਸਿੰਘ ਯੂ.ਕੇ. ਅਤੇ ਪ੍ਰਿੰਸੀਪਲ ਸਾਹਿਬਾਨ ਅਤੇ ਸਮੂਹ ਸਟਾਫ ਸਕੂਲ ਵਿਚ ਪਹੁੰਚੇ ਅਤੇ ਮੈਰਿਟ ਆਏ ਵਿਦਿਆਰਥੀਆਂ ਦੇ ਵਲੋਂ ਮਿਠਾਈਆ ਲੈ ਕੇ ਚੇਅਰਮੈਨ,ਪ੍ਰਿੰਸੀਪਲ ਅਤੇ ਅਧਿਆਪਕਾਂ ਦਾ ਮੂੰਹ ਮਿਠਾ ਕਰਵਾਉਣ ਦੇ ਲਈ ਮੈਰਿਟ ਵਿਚ ਆਏ ਵਿਦਿਆਰਥੀ ਆਪਣੇ ਮਾਪਿਆ ਨਾਲ ਸਕੂਲ ਵਿਚ ਪਹੁੰਚੇ ਅਤੇ ਸਕੂਲ ਦੇ ਵਿਹੜੇ ਵਿਚ ਸਕੂਲ ਦੇ ਚੇਅਰਮੈਨ ਵਲੋਂ ਮਿਠਾਈਆ ਵੰਡੀਆ ਗਈਆ ਅਤੇ ਢੌਲ ਵਜਾਏ ਗਏ ਮੈਰਿਟ ਵਿਚ ਆਏ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਖ਼ੁਸ਼ੀ ਵਿਚ ਭੰਗੜੇ ਪਾਏ ਅਤੇ ਇਸ ਜਿੱਤ ਦਾ ਜਸ਼ਨ ਮਨਾਇਆ। ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਨਿਊ ਫਲਾਵਰਜ ਸਕੂਲ, ਅੰਮ੍ਰਿਤਸਰ ਦੇ ਪ੍ਰਿੰਸੀਪਲ ਮੈਡਮ ਕੁਲਵਿੰਦਰ ਕੌਰ ਆਪਣੀ ਖ਼ੁਸ਼ੀ ਨੂੰ ਜਾਹਿਰ ਕਰਦਿਆਂ ਪੱਤਰਕਾਰ ਵਾਰਤਾ ਵਿਚ ਦਸਿਆਂ ਕਿ ਅੱਠਵੀਂ ਜਮਾਤ ਦੀਆਂ ਪੰਜ ਮੈਰਿਟਾਂ ਵਿਦਿਆਰਥਣਾਂ ਨੇ ਹਾਸਲ ਕੀਤੀਆ ਵਿਦਿਆਰਥਣ ਗੁਰਲੀਨ ਕੌਰ ਪੁੱਤਰੀ ਅਮਰਦੀਪ ਸਿੰਘ ਅੱਠਵੀਂ ਦੀ ਪ੍ਰੀਖਿਆ ਵਿਚੋਂ 598/600 (99.67%) ਅੰਕ ਲੈ ਕੇ ਪੰਜਾਬ ਭਰ ਵਿਚ ਦੂਜਾ ਸਥਾਨ ਹਾਸਲ ਕੀਤਾ ਹੈ ਅਤੇ ਇਸ ਦੇ ਨਾਲ-ਨਾਲ ਹਰਲੀਨ ਕੌਰ ਪੁੱਤਰੀ ਸ. ਰਣਜੀਤ ਸਿੰਘ ਨੇ 595/600 (99.17%) ਪੰਜਵਾ ਸਥਾਨ , ਸੀਤਾ ਪੁੱਤਰੀ ਸ੍ਰੀ ਸੁਘਰ ਪਾਲ ਨੇ 595/600 (99.17%) ਪੰਜਵਾ ਸਥਾਨ, ਪ੍ਰਭਨੂਰ ਕੌਰ ਪੁੱਤਰੀ ਸ. ਪਰਮਪ੍ਰੀਤ ਸਿੰਘ ਨੇ 592/600 (98.67%) ਅੱਠਵਾਂ ਸਥਾਨ, ਜਸਲੀਨ ਕੌਰ ਪੁੱਤਰੀ ਸ. ਸੁਖਬੀਰ ਸਿੰਘ ਨੇ 589/600 (98.17%) ਗਿਆਰਵਾਂ ਸਥਾਨ ਪ੍ਰਾਪਤ ਕੀਤਾ ਅਤੇ ਬਾਰਵੀਂ ਜਮਾਤ ਦੀ ਵਿਦਿਆਰਥਣ ਅਰਸ਼ਪ੍ਰੀਤ ਕੌਰ ਪੁੱਤਰੀ ਸ. ਸਤਿੰਦਰ ਸਿੰਘ ਨੇ ਕਾਮਰਸ ਗਰੁੱਪ 487/500 (97.40%) ਨੇ ਪੰਜਾਬ ਵਿਚੋਂ 14ਵਾਂ ਸਥਾਨ ਹਾਸਲ ਕੀਤਾ ਅਤੇ ਜਿਲ੍ਹੇ ਵਿਚੋਂ ਦੂਜਾ ਸਥਾਨ ਕਰਕੇ ਪੰਜਾਬ ਭਰ ਵਿਚ ਆਪਣਾ ਅਤੇ ਆਪਣੇ ਮਾਪਿਆਂ ਤੇ ਸਕੂਲ ਦਾ ਨਾਮ ਰੋਸ਼ਨ ਕੀਤਾ। ਅਠਵੀਂ ਅਤੇ ਬਾਰਵੀਂ ਦਾ ਨਤੀਜਾ ਵਧੀਆਂ ਆਉਣ ਤੇ ਚੇਅਰਮੈਨ ਸ. ਹਰਪਾਲ ਸਿੰਘ ਯੂ.ਕੇ. ਅਤੇ ਪ੍ਰਿੰਸੀਪਲ ਸ੍ਰੀਮਤੀ ਕੁਲਵਿੰਦਰ ਕੌਰ ਜੀ ਨੇ ਸਮੂਹ ਵਿਦਿਆਰਥੀਆ ਅਤੇ ਉਹਨਾਂ ਦੇ ਮਾਪੇ ਅਤੇ ਸਮੂਹ ਸਕੂਲ ਸਟਾਫ ਨੂੰ ਵਧਾਈ ਦਿੱਤੀ। ਇਸਦਾ ਸੇਹਰਾ ਸਕੂਲ ਦੇ ਅਧਿਆਪਕਾਂ, ਬੱਚਿਆ ਦੀ ਮਿਹਨਤ ਅਤੇ ਉਨ੍ਹਾਂ ਦੇ ਮਾਪਿਆ ਨੂੰ ਜਾਂਦਾ ਹੈ । ਸਕੂਲ ਦੇ ਚੈਅਰਮੈਨ ਹਰਪਾਲ ਸਿੰਘ ਯੂ.ਕੇ ਵੱਲੋ ਅੱਠਵੀਂ ਦੀ ਪ੍ਰੀਖਿਆ ਚ ਪੰਜਾਬ ਵਿੱਚ ਦੂੱਜੇ ਸਥਾਨ ਤੇ ਆਈ ਗੁਰਲੀਨ ਕੌਰ ਨੂੰ 21000 ਦਾ ਚੈੱਕ ਦਿੱਤਾ ਗਿਆ ਤਾਂ ਜੋ ਇਹ ਵਿਦਿਆਰਥਣ ਆਪਣੀ ਅਗਲੇਰੀ ਪੜਾਈ ਹੋਰ ਵਧੀਆ ਢੰਗ ਨਾਲ ਕਰ ਸਕੇ।ਇਸ ਮੌਕੇ ਹਰਪਾਲ ਸਿੰਘ ਯੂ.ਕੇ ਜੀ ਨੇ ਦੱਸਿਆ ਕਿ ਸਲਾਨਾ ਪ੍ਰੀਖਿਆਵਾਂ ਵਿੱਚ ਮੈਰਿਟਾਂ ਅਤੇ ਡਵੀਜਨਾਂ ਲਿਆਉਣ ਵਾਲੇ ਵਿਦਿਆਰਥੀਆ ਨੂੰ ਬਹੁਤ ਜਲਦ ਸਕੂਲ ਦੇ ਇਨਾਮ ਵੰਡ ਸਮਾਗਮ ਵਿੱਚ ਇਨਾਮ ਦਿੱਤੇ ਜਾਣਗੇ ਤੇ ਇਸ ਮੌਕੇ ਸਕੂਲ ਮੈਨਜਮੈਂਟ ਵੱਲੋ ਇਨਾਮ ਵਜੋਂ ਅਧਿਆਪਕਾਵਾਂ ਦੀ ਤਨਖਾਹ ਵਿੱਚ ਵੀ ਭਾਰੀ ਵਾਧਾ ਕੀਤਾ ਗਿਆ।ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਸ਼੍ਰੀਮਤੀ ਕੁਲਵਿੰਦਰ ਕੌਰ ਜੀ ਨੇ ਕਿਹਾ ਕਿ 2023 ਵਿੱਚ ਸਕੂਲ ਦੇ ਇੱਕ ਵਿਦਿਆਰਥੀ ਦੀ ਮੈਰਿਟ ਆਈ ਸੀ, ਪਰ 2024 ਵਿੱਚ ਸਕੂਲ ਦੀਆਂ 6 ਮੈਰਿਟਾਂ ਆਈਆ ਹਨ । ਉਹਨਾਂ ਨੇ ਅਧਿਆਪਕਾਵਾਂ ਨੂੰ ਵਧਾਈ ਦਿਤੀ ਅਤੇ ਭਵਿਖ ਵਿਚ ਵੀ ਇਸੇ ਤਰਾਂ ਲਗਨ ਨਾਲ ਕੰਮ ਕਰਨ ਲਈ ਪ੍ਰੇਰਿਆ। ਸਾਰੇ ਵਿਦਿਆਰਥੀਆਂ ਅਤੇ ਉਹਨਾਂ ਦੇ ਮਾਪਿਆਂ ਨੂੰ ਸ਼ੁਭ ਕਾਮਨਾਵਾ ਦਿੱਤੀਆ ਗਈਆ ।





ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਦਾ ਸਿਲਸਿਲਾ ਜਾਰੀ ਹੈ

# ਕਈ ਪਰਿਵਾਰ ਕਾਂਗਰਸ ਛੱਡ ਕੇ 'ਆਪ' ਵਿੱਚ ਹੋਏ ਸ਼ਾਮਲ

■ ਵਿਧਾਇਕ ਸੌਂਦ ਨੇ ਕਿਹਾ ਕਿ ਸੂਬੇ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ 'ਆਪ' ਸਰਕਾਰ ਸਮਾਜ ਦੇ ਹਰ ਵਰਗ ਲਈ ਕੰਮ ਕਰ ਰਹੀ ਹੈ, ਜਿਸ ਕਾਰਨ ਹਰ ਰੋਜ਼ ਵੱਡੀ ਗਿਣਤੀ 'ਚ ਲੋਕ 'ਆਪ' ਵੱਲ ਰੁਖ ਕਰ ਰਹੇ ਹਨ....



ਖੰਨਾ, 1 ਮਈ (ਓਮਕਾਰ ਸਿੰਘ ਸੰਤੂ)- ਵੱਖ-ਵੱਖ ਪਾਰਟੀਆਂ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਦਾ ਸਿਲਸਿਲਾ ਜਾਰੀ ਹੈ। ਇਸੇ ਲੜੀ ਤਹਿਤ ਬੁੱਧਵਾਰ ਨੂੰ ਵੀ ਵੱਡੀ ਗਿਣਤੀ ਵਿੱਚ ਪਰਿਵਾਰ ਕਾਂਗਰਸ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ, ਜਿਨ੍ਹਾਂ ਨੂੰ 'ਆਪ' ਦੇ ਸੂਬਾ ਮੀਤ ਪ੍ਰਧਾਨ ਤੇ ਹਲਕਾ ਖੰਨਾ ਦੇ ਵਿਧਾਇਕ ਤਰੁਣਪ੍ਰੀਤ ਸਿੰਘ ਸੌਂਦਾ ਦੀ ਤਰਫੋਂ ਪਾਰਟੀ ਦਾ ਝੰਡਾ ਪਹਿਨਾ ਕੇ 'ਆਪ' ਵਿੱਚ ਸ਼ਾਮਲ ਕੀਤਾ ਗਿਆ। ਸਥਾਨਕ ਜੀ.ਟੀ.ਰੋਡ 'ਤੇ ਸਥਿਤ ਲੋਕ ਸਭਾ ਦਫ਼ਤਰ 'ਚ ਹੋਏ ਇਕ ਸਾਦੇ ਸਮਾਗਮ 'ਚ ਆਪ ਬਲਾਕ ਪ੍ਰਧਾਨ ਜੋਤੀ ਰਸੂਲਦਾ, ਬਲਕਾਰ ਸਿੰਘ ਔਜਲਾ, ਸੁਰਜੀਤ ਸਿੰਘ ਸਾਬਕਾ ਸਰਪੰਚ, ਕੁਲਦੀਪ ਸਿੰਘ ਖਾਲਸਾ, ਅਮਨ ਔਜਲਾ, ਸਤਵਿੰਦਰ ਔਜਲਾ, ਰਾਮ ਲਾਲ, ਮਨਵੀਰ ਸਿੰਘ ਹੈਪੀ., ਹਰਵੀਰ ਸਿੰਘ ਟੋਨੀ, ਦੇਵ ਬਾਬਾ, ਰਣਜੀਤ ਸਿੰਘ, ਕਰਨੈਲ ਸਿੰਘ, ਪਰਮਪਾਲ ਸਿੰਘ, ਕੇਵਲ ਸਿੰਘ ਬਿੱਲੂ, ਪੰਮਾ, ਨਾਹਰ ਸਿੰਘ ਯੂ.ਕੇ., ਗੁਰਮੁਖ ਸਿੰਘ ਗੋਰਖਾ, ਘੋਗਾ ਸਿੰਘ ਕਾਂਗਰਸ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ। ਇਸ ਮੌਕੇ ਵਿਧਾਇਕ ਸੌਂਦ ਨੇ ਕਿਹਾ ਕਿ ਸੂਬੇ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ 'ਆਪ' ਸਰਕਾਰ ਸਮਾਜ ਦੇ ਹਰ ਵਰਗ ਲਈ ਕੰਮ ਕਰ ਰਹੀ ਹੈ, ਜਿਸ ਕਾਰਨ ਹਰ ਰੋਜ਼ ਵੱਡੀ ਗਿਣਤੀ 'ਚ ਲੋਕ 'ਆਪ' ਵੱਲ ਰੁਖ ਕਰ ਰਹੇ ਹਨ। ਜਿਸ ਕਾਰਨ ਇਸ ਵਾਰ ਸੂਬੇ ਦੀਆਂ ਸਾਰੀਆਂ 13 ਸੀਟਾਂ 'ਤੇ 'ਆਪ' ਦੀ ਸ਼ਾਨਦਾਰ ਜਿੱਤ ਹੋਵੇਗੀ। ਇਸ ਮੌਕੇ ਜਗਤਾਰ ਸਿੰਘ ਗਿੱਲ, ਮਾਸਟਰ ਅਵਤਾਰ ਸਿੰਘ, ਸੁਰਜੀਤ ਸਿੰਘ, ਮਲਕੀਤ ਸਿੰਘ ਮੀਤਾ, ਇੰਟੈਲੀਜੈਂਸ ਸੈੱਲ ਦੇ ਮੁਖੀ ਅਮਰਦੀਪ ਸਿੰਘ ਪੁਰੇਵਾਲ, ਗੁਰਸ਼ਰਨ ਸਿੰਘ ਗੋਗੀਆ, ਕੌਂਸਲਰ ਜਤਿੰਦਰ ਪਾਠਕ, ਕਰੁਣ ਅਰੋੜਾ, ਮਨਜੀਤ ਸੌਂਦ, ਹਰਵੀਰ ਸਿੰਘ ਸੋਨੂੰ, ਜਸਵਿੰਦਰ ਲੋਟੇ, ਜਤਿੰਦਰ ਸਿੰਘ ਮਹਿਮੀ।, ਕੁਲਵੰਤ ਸਿੰਘ ਮਹਿਮੀ, ਪੀ.ਏ ਮਹੇਸ਼ ਕੁਮਾਰ, ਪਰਾਗ ਬੱਤਾ, ਮਨੂ ਮਨੋਚਾ ਸਮੇਤ ਵੱਡੀ ਗਿਣਤੀ 'ਚ 'ਆਪ' ਵਰਕਰ ਅਤੇ ਇਲਾਕਾ ਨਿਵਾਸੀ ਹਾਜ਼ਰ ਸਨ।

# ਵਿਧਾਇਕ ਸੌਂਦ ਨੇ ਮਜ਼ਦੂਰ ਦਿਵਸ ਮੌਕੇ ਸ਼ਿਕਾਗੋ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ





ਖੰਨਾ, 1 ਮਈ (ਓਮਕਾਰ ਸਿੰਘ ਸੰਤੂ)- ਬੁੱਧਵਾਰ ਨੂੰ ਮਜ਼ਦੂਰ ਦਿਵਸ ਮੌਕੇ ਸਥਾਨਕ ਲਲਹੇੜੀ ਚੌਂਕ ਸਥਿਤ ਲੇਬਰ ਅੱਡਾ ਵਿਖੇ ਮਜ਼ਦੂਰ ਯੂਨੀਅਨ ਵੱਲੋਂ ਮਈ ਦਿਵਸ ਮਨਾਇਆ ਗਿਆ, ਜਿਸ ਵਿਚ ਵਿਸ਼ੇਸ਼ ਤੌਰ 'ਤੇ ਆਮ ਆਦਮੀ ਪਾਰਟੀ ਦੇ ਸੂਬਾ ਮੀਤ ਪ੍ਰਧਾਨ ਅਤੇ ਹਲਕਾ ਵਿਧਾਇਕ ਤਰੁਨਪ੍ਰੀਤ ਸਿੰਘ ਸੌਂਦ ਨੇ ਉਚੇਚੇ ਤੌਰ 'ਤੇ ਪਹੁੰਚ ਕੇ ਝੰਡਾ ਚੜ੍ਹਾਇਆ, ਸ਼ਿਕਾਗੋ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ। ਵਿਧਾਇਕ ਸੌਂਦ ਨੇ ਕਿਹਾ ਕਿ ਦਹਾਕਿਆਂ ਤੋਂ ਸਰਕਾਰਾਂ ਨੇ ਗਰੀਬੀ ਹਟਾਉਣ ਦੇ ਵਾਅਦੇ ਕੀਤੇ ਪਰ ਗਰੀਬੀ ਦੀ ਬਜਾਏ ਗਰੀਬਾਂ ਨੂੰ ਹੀ ਨਿਸ਼ਾਨਾ ਬਣਾਇਆ ਗਿਆ। ਮਜਦੂਰ ਅਤੇ ਗਰੀਬ ਵਰਗ ਨੂੰ ਸਿਰਫ ਵੋਟਾਂ ਦੀ ਖਾਤਰ ਦਰਕਿਨਾਰ ਕਰ ਦਿੱਤਾ ਗਿਆ ਸੀ ਪਰ ਹੁਣ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਹੈ ਜੋ ਗਰੀਬਾਂ ਅਤੇ ਮਜਦੂਰਾਂ ਦੇ ਪਸੀਨੇ ਸੁੱਕਣ ਤੋਂ ਪਹਿਲਾਂ ਉਹਨਾਂ ਦੇ ਹੱਕਾਂ ਦਾ ਹੱਲ ਕਰਨ ਲਈ ਵਚਨਬੱਧ ਹੈ ਅਤੇ ਉਹਨਾਂ ਦੇ ਵਿਕਾਸ ਲਈ ਕੰਮ ਕਰੇਗੀ। ਗਰੀਬ ਅਜੇ ਵੀ ਕੰਮ ਕਰ ਰਹੇ ਹਨ। ਇਸ ਮੌਕੇ ਵਿਧਾਇਕ ਸੌਂਦ ਦੇ ਨਾਲ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਜੰਗ ਸਿੰਘ, ਰਾਜ ਮਿਸਤਰੀ ਟਹਿਲ ਸਿੰਘ, ਜਸਵੀਰ ਸਿੰਘ, ਕੁਲਵਿੰਦਰ ਸਿੰਘ, ਗੁਰਮੁੱਖ ਸਿੰਘ, ਬਲਵਿੰਦਰ ਸਿੰਘ, ਗੁਲਜ਼ਾਰ ਸਿੰਘ, ਸਰਬਜੀਤ ਸਿੰਘ, ਮਹਿੰਦਰ ਸਿੰਘ, ਹਰਦੀਪ ਸਿੰਘ, ਦੀਪਾ ਵਾਰਡ ਇੰਚਾਰਜ, ਜਗਤਾਰ ਸਿੰਘ ਵੀ. ਰਤਨਾਹੇੜੀ, ਅਵਤਾਰ ਸਿੰਘ ਮਾਨ, ਅਵਨੀਤ ਸਿੰਘ ਰਾਏ, ਭੁਪਿੰਦਰ ਸਿੰਘ ਸਰਾਂ, ਪੀ.ਏ ਮਹੇਸ਼ ਕੁਮਾਰ, ਬਲਕਾਰ ਸਿੰਘ, ਜਤਿੰਦਰ ਸਿੰਘ ਮਹਿਮੀ ਸਮੇਤ ਵੱਡੀ ਗਿਣਤੀ ਵਿੱਚ ਯੂਨੀਅਨ ਮੈਂਬਰ ਹਾਜ਼ਰ ਸਨ।

# ਕੁਲਬੀਰ ਸਿੰਘ ਜੀਰਾ ਦਾ ਝਬਾਲ ਪੁਹੰਚਣ 'ਤੇ ਨਿੱਘਾ ਸਵਾਗਤ



ਸਰਾਏ ਅਮਾਨਤ ਖਾਂ, 1 ਮਈ (ਗੁਰਬੀਰ ਸਿੰਘ ਗੰਡੀਵਿੰਡ)-ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਕਾਂਗਰਸ ਪਾਰਟੀ ਦੀ ਟਿਕਟ ਮਿਲਣ ਤੇ ਅੱਜ ਕੁਲਬੀਰ ਸਿੰਘ ਜ਼ੀਰਾ ਵਾਹਿਗੁਰੂ ਦਾ ਸ਼ੁਕਰਾਨਾ ਕਰਨ ਲਈ ਮਾਝੇ ਦੇ ਇਤਿਹਾਸਕ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਜੀ ਵਿਖੇ ਨਤਮਸਤਕ ਹੋਣ ਲਈ ਪੁੱਜੇ। ਜਿਹਨਾਂ ਦਾ ਸਥਾਨਕ ਅੱਡਾਂ ਝੁਬਾਲ ਵਿਖੇ ਪੁੰਹਚਣ ਤੇ ਤਰਨਤਾਰਨ ਹਲਕੇ ਦੇ ਸੀਨੀਅਰ ਕਾਂਗਰਸੀ ਆਗੂ ਕਰਨਬੀਰ ਸਿੰਘ ਕਰਨ ਬੁਰਜ ਦੀ ਅਗਵਾਈ ਹੇਠ ਵੱਡੀ ਗਿਣਤੀ ਚ ਕਾਂਗਰਸੀ ਵਰਕਰਾਂ ਵੱਲੋਂ ਬੜੀ ਗਰਮਜੋਸ਼ੀ ਨਾਲ ਸ਼ਾਨਦਾਰ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਕਾਂਗਰਸ ਪਾਰਟੀ ਅਤੇ ਕੁਲਬੀਰ ਸਿੰਘ ਜੀਰਾ ਦੇ ਹੱਕ ਚ ਕਾਂਗਰਸੀ ਵਰਕਰਾਂ ਵੱਲੋਂ ਲਗਾਏ ਨਾਰਿਆਂ ਦੀ ਗੂੰਜ ਦੂਰ ਦੂਰ ਤੱਕ ਸੁਣਾਈ ਦਿੱਤੀ। ਕਰਨਬੀਰ ਸਿੰਘ ਕਰਨ ਬੁਰਜ ਨੇ ਕੁਲਬੀਰ ਸਿੰਘ ਜੀਰਾ ਨੂੰ ਫੁੱਲਾਂ ਦਾ ਗੁਲਦਸਤਾ ਦੇ ਕੇ ਸਨਮਾਨ ਕਰਦਿਆਂ ਵੱਡੀ ਲੀਡ ਨਾਲ ਤਰਨਤਾਰਨ ਹਲਕੇ ਵਿੱਚ ਜਿਤਾਉਣ ਦਾ ਵਿਸ਼ਵਾਸ ਦਿਵਾਇਆ। ਜਦੋਂ ਕਿ ਕਾਂਗਰਸੀ ਉਮੀਦਵਾਰ ਕੁਲਬੀਰ ਸਿੰਘ ਜੀਰਾ ਨੇ ਉਤਸ਼ਾਹ ਨਾਲ ਪੁੱਜੇ ਵਰਕਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਹਲਕੇ ਨੂੰ ਵਿਕਾਸ ਪੱਖੋਂ ਨੰਬਰ ਇੱਕ ਹਲਕਾ ਬਣਾਉਣ ਤੋਂ ਇਲਾਵਾ ਕਿਸਾਨਾਂ ਮਜ਼ਦੂਰਾਂ ਸਮੇਤ ਆਮ ਲੋਕਾਂ ਦੀਆਂ ਮੁਸ਼ਕਲਾਂ ਕੇਂਦਰ ਚ ਕਾਂਗਰਸ ਦੀ ਸਰਕਾਰ ਬਣਦਿਆਂ ਹੀ ਪਹਿਲ ਦੇ ਅਧਾਰ ਨਾਲ ਹੱਲ ਕਰਾਈਆਂ ਜਾਣਗੀਆਂ। ਇਸ ਮੌਕੇ ਸੀਨੀਅਰ ਕਾਂਗਰਸੀ ਆਗੂ ਤੇ ਚੇਅਰਮੈਨ ਰਮਨ ਕੁਮਾਰ ਝਬਾਲ, ਸਰਪੰਚ ਸੋਨੂੰ ਬਰਾੜ ਦੋਦੇ, ਸੀਨੀਅਰ ਆਗੂ ਦਿਲਬਾਗ ਸਿੰਘ ਠੱਠਗੜ੍ਹ , ਮੈਂਬਰ ਪੰਚਾਇਤ ਬਾਬਾ ਕੁਲਦੀਪ ਸਿੰਘ ਸਰਾ,ਪ੍ਰਧਾਨ ਸੋਨੂੰ ਦੋਦੇ,ਅਵਤਾਰ ਸਿੰਘ ਤਨੇਜਾ, ਸਰਪੰਚ ਗੁਰਪਾਲ ਸਿੰਘ ਜਗਤਪੁਰਾ, ਸਰਪੰਚ ਅਮਰਜੀਤ ਸਿੰਘ ਬਘੇਲ ਸਿੰਘ ਵਾਲਾ , ਹਰਜੀਤ ਸਿੰਘ ਝਬਾਲ, ਅਸ਼ੋਕ ਕੁਮਾਰ ਝਬਾਲ ,ਨਿੱਪੀ ਸੂਦ ਝਬਾਲ, ਸਰਪੰਚ ਮੰਗਲ ਸਿੰਘ ਖੈਰਦੀ , ਡਾ ਚਰਨਜੀਤ ਸਿੰਘ ਸੋਢੀ ਝਬਾਲ, ਵਿੱਕੀ ਝਬਾਲ ਖੁਰਦ ,ਮੈਂਬਰ ਹਰਪਿੰਦਰ ਸਿੰਘ ਜੇਈ, ਸੁਖਵਿੰਦਰ ਸਿੰਘ ਬਿੱਟੂ ਝਬਾਲ ,ਸੁਰਜੀਤ ਕੁਮਾਰ ਬੋਬੀ, ,ਅਤੇ ਹੋਰ ਵੱਡੀ ਗਿਣਤੀ ਚ ਕਾਂਗਰਸੀ ਵਰਕਰ ਹਾਜ਼ਰ ਸਨ ।

## ਇੱਕ ਨਜ਼ਰ



# ਇਮਾਰਤੀ ਮਜ਼ਦੂਰ ਯੂਨੀਅਨ ਵੱਲੋਂ ਮਨਾਇਆ ਗਿਆ ਮਈ ਦਿਹਾੜਾ

ਪੱਟੀ, 1 ਮਈ ( ਅਮਰਜੀਤ ਕਾਲੇਕੇ, ਸੰਜੀਵ ਸ਼ਰਮਾ)- ਇਮਾਰਤੀ ਮਜ਼ਦੂਰ ਯੂਨੀਅਨ ਪੱਟੀ ਵੱਲੋਂ ਪਹਿਲੀ ਮਈ ਮਜ਼ਦੂਰਾਂ ਦਾ ਪਵਿੱਤਰ ਦਿਹਾੜਾ ਸਲਵਿੰਦਰ ਸਿੰਘ ਪ੍ਰਧਾਨ ਦੀ ਪ੍ਰਧਾਨਗੀ ਹੇਠ ਪੱਟੀ ਵਿਖੇ ਪੂਰੀ ਸ਼ਰਧਾ ਦੇ ਧੂਮਧਾਮ ਨਾਲ ਮਨਾਇਆ। ਇਸ ਮੌਕੇ ਗਾਂਧੀ ਸੱਥ ਪੱਟੀ ਵਿਖੇ ਪ੍ਰਧਾਨ ਸਲਵਿੰਦਰ ਸਿੰਘ, ਮੀਤ ਪ੍ਰਧਾਨ ਸੁਵਿੰਦਰ ਸਿੰਘ ਨੇ ਮਜ਼ਦੂਰਾਂ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਅੱਜ ਦੇ ਦਿਨ ਅਮਰੀਕਾ ਦੇ ਸ਼ਹਿਰ ਸ਼ਿਕਾਗੋ ਅੰਦਰ ਅੱਠ ਘੰਟੇ ਦਿਹਾੜੀ ਦੀ ਮੰਗ ਨੂੰ ਲੈ ਕੇ ਮਜ਼ਦੂਰ ਸੰਘਰਸ਼ ਕਰ ਰਹੇ ਸਨ। ਅਮਰੀਕਾ ਦੀ ਪੁਲਿਸ ਵੱਲੋਂ ਅੰਨੇ ਵਾਹ ਗੋਲੀ ਚਲਾ ਕੇ 7 ਮਜ਼ਦੂਰ ਸ਼ਹੀਦ ਕਰ ਦਿੱਤੇ ਮਜ਼ਦੂਰਾਂ ਨੇ ਆਪਣੇ ਖੂਨ ਨਾਲ ਇਸ ਝੰਡੇ ਨੂੰ ਰੰਗਿਆ। ਉਨਾਂ ਦੱਸਿਆ ਕਿ ਅੱਜ ਵੀ ਮਜ਼ਦੂਰ ਵਰਗ ਉਪਰ ਤਸ਼ੱਦਦ ਢਾਇਆ ਜਾ ਰਿਹਾ ਹੈ ।ਸਾਨੂੰ ਅੱਜ ਦੇ ਇਸ ਦਿਹਾੜੇ ਉੱਪਰ ਪ੍ਰਣ ਕਰਨਾ ਚਾਹੀਦਾ ਹੈ ਤੇ ਅਸੀਂ ਮਜ਼ਦੂਰ ਜਮਾਤ ਨੂੰ ਮਜਬੂਤ ਕਰੀਏ ਅਤੇ ਆਪਣੇ ਹੱਕਾਂ ਦੀ ਰਾਖੀ ਕਰੀਏ। ਉਨਾਂ ਸਰਕਾਰ ਤੋਂ ਮੰਗ ਕੀਤੀ ਕਿ ਨਿੱਤ ਦਿਨ ਵੱਧ ਰਹੀ ਮਹਿੰਗਾਈ ਨੂੰ ਨੱਥ ਪਾਈ ਜਾਵੇ, ਬੇਰੁਜ਼ਗਾਰ ਨੌਜਵਾਨਾਂ ਨੂੰ ਰੁਜ਼ਗਾਰ ਦਿੱਤਾ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੁਖਦੇਵ ਸਿੰਘ, ਸੁਖਵਿੰਦਰ ਸਿੰਘ ਘਰਿਆਲਾ, ਮਹਿੰਦਰ ਸਿੰਘ, ਨਿਰਵੈਲ ਸਿੰਘ, ਕਲਦੀਪ ਸਿੰਘ ਸੱਗੂ, ਕਲਦੀਪ ਸਿੰਘ, ਸਤਨਾਮ ਸਿੰਘ, ਰਣਜੀਤ ਸਿੰਘ ਟੀਟੂ ,ਕਰਤਾਰ ਸਿੰਘ, ਮਨਜੀਤ ਸਿੰਘ, ਹਰਦੀਪ ਸਿੰਘ ਅਤੇ ਬਲਦੇਵ ਸਿੰਘ ਮਨਿਆਲਾ ਆਦਿ ਹਾਜ਼ਰ ਸਨ।

# ਮਜਦੂਰ ਦਿਹਾੜਾ ਧੂਮਧਾਮ ਨਾਲ ਮਨਾਇਆ

## ਕਿਰਤੀਆਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਸਰਕਾਰ ਵਿਸ਼ੇਸ਼ ਉਪਰਾਲੇ ਕਰੇ-ਰਾਮਗੜ੍ਹ



ਨਾਭਾ, 1 ਮਈ (ਗੁਰਬਖਸ਼ ਸਿੰਘ ਸੰਧੂ) - ਅੱਜ ਇੱਥੇ ਲੇਬਰ ਚੌਂਕ ਮੈਹਸ ਗੇਟ ਅਤੇ ਪਟਿਆਲਾ ਗੇਟ ਨਾਭਾ ਵਿਖੇ ਮਜਦੂਰ ਦਿਵਸ ਬੜੀ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਕਿਰਤੀਆਂ ਨੂੰ ਸੰਬੋਧਨ ਕਰਦਿਆਂ ਗੁਰਚਰਨ ਸਿੰਘ ਰਾਮਗੜ੍ਹ ਨੇ ਕਿਹਾ ਕਿ ਦੇਸ਼ ਦੀ ਉੱਨਤੀ ਅਤੇ ਤਰੱਕੀ ਵਿੱਚ ਮਜਦੂਰਾਂ ਦਾ ਅਹਿੰਮ ਯੋਗਦਾਨ ਹੈ। ਸਮੇਂ-ਸਮੇਂ ਦੌਰਾਨ ਮਜਦੂਰ ਦੇਸ਼ ਦੇ ਕੰਮ ਆਉਂਦੇ ਰਹਿੰਦੇ ਹਨ। ਉਨ੍ਹਾਂ ਕਿਹਾ ਕਿ ਕਿਰਤੀਆਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਸਰਕਾਰ ਵਿਸ਼ੇਸ਼ ਉਪਰਾਲੇ ਕਰੇ ਅਤੇ ਵੱਖ-ਵੱਖ ਆਗੂਆਂ ਨੇ ਸਿਕਾਗੋ ਦੇ ਸਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ। ਹੋਰਨਾਂ ਤੋਂ ਇਲਾਵਾ ਦਲਵੀਰ ਸਿੰਘ ਬਿਜਲੀ ਬੋਰਡ, ਜੰਗ ਸਿੰਘ ਕੋਆਪਰੇਟਿਵ ਸੋਸਾਇਟੀ, ਕੇਵਲ ਸਿੰਘ ਕੋਟਕਲ੍ਹਾਂ ਲੇਬਰ ਯੂਨੀਅਨ, ਅਵਤਾਰ ਸਿੰਘ ਅਗੇਤੀ ਲੇਬਰ ਯੂਨੀਅਨ, ਜਗਦੇਵ ਸਿੰਘ ਕਮੇਲੀ, ਦਰਸਨ ਸਿੰਘ ਰਾਮਗੜ੍ਹ ਆਦਿ ਆਗੂਆਂ ਨੇ ਵੀ ਸੰਬੋਧਨ ਕੀਤਾ ਅਤੇ ਸ਼ਹੀਦੇ ਹੋਏ ਮਜਦੂਰਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ।



पंजाब मंडीकरण बोर्ड में बतौर पंप आपरेटर तैनात कुलदीप सिंह रिटायर हो गए। खन्ना अनाज मंडी में पानी की टंकी पर सेवाएं निभाने वाले कुलदीप सिंह को 34 साल की सर्विस पूरी होने के बाद रिटायरमेंट के अवसर पर विदाई पार्टी दी गई। मार्केट कमेटी सचिव मनजिंदर सिंह मान समेत समूह स्टाफ ने कुलदीप सिंह को सम्मानित किया। इस मौके पर जेई गुरप्रीत सिंह, जेई सुखमन सिंह, पुषपिंदर कुमार, इंद्रजीत सिंह, परमजीत सिंह, दीपक चंद, सुमन पाल, राजवीर कौर, हरजिंदर सिंह, बलजिंदर सिंह, गुरमीत कुमार, संजय चांदले, दीपक चांदले, रवि आदि मौजूद थे।

**छाया व विवरण : ओंमकार सिंह सत्तू**


ਸਟਿੰਗ ਆਪ੍ਰੇਸ਼ਨ
www.stingoperation.us ਜਲੰਧਰ

ਦੇਸ਼-ਵਿਦੇਸ਼ ਅਤੇ ਪੰਜਾਬ ਦੇ ਹਰ ਕਸਬੇ ਤੋਂ ਪੱਤਰਕਾਰਾਂ ਦੀ ਲੋੜ ਹੈ

Contact : 90416-59160

# ਸਟਿੰਗ ਆਪ੍ਰੇਸ਼ਨ

e-mail : stingnews24@gmail.com
www.stingoperation.us

ਜਲੰਧਰ | ਵੀਰਵਾਰ, 2 ਮਈ 2024


## ਤਰਨਤਾਰਨ (ਖੰਨਾ) ਨਵੀਂ ਦਿੱਲੀ





## ਇੱਕ ਨਜ਼ਰ



# भारी संख्या में कारोबारी आम आदमी पार्टी में हुए शामिल

## विधायक सौंद ने किया सम्मानित, कहा पार्टी में मिलेगा उचित मान सम्मान

खन्ना, 1 मई ( ओंमकार सिंह सत्तू ): विभिन्न पार्टियों को छोडक़र आम आदमी पार्टी में शामिल होने का सिलसिला लगातार जारी है। इसी कडी तहत बुधवार को भी बडी संख्या में कई कारोबारी अन्य पार्टियों को अलविदा कहते हुए आम आदमी पार्टी में शामिल हो गए जिन्हें आप के प्रदेश उप प्रधान एव हलका खन्ना विधायक तरूणप्रीत सिंह सौद की ओर से पार्टी का पटका पहनाकर आप में शामिल किया। स्थानीय जी.टी रोड़ पर बने लोकसभा कार्यलय में रखे एक सादा समारोह में विधायक सौंद के नेतृत्व में विश्वास प्रकट करते हुए बिक्रमजीत सिंह लोटे चिमनी वाले, बलविंदर सिंह धंजल मनजीत सॉ मिल वाले, शुभजीत सिंह धंजल, सुखदीप भारद्वाज की ओर से आम आदमी पार्टी का दामन थाम लिया। इस मौके विधायक सौंद ने कहा पार्टी में शामिल होने वाले प्रत्येक कार्यकर्ता को उचित मान सम्मान दिया जाएगा। इस मौके जगतार सिंह गिल, मास्टर अवतार सिंह, सुरजीत सिंह, मलकीत सिंह मीता, बुद्दिजीवी सेल प्रधान अमरदीप सिंह पुरेवाल, गुरशरण सिंह गोगिया, पार्षद जतिंदर पाठक, करूण अरोडा, मनजीत सौंद, हरवीर सिंह सोनू, जसविंदर लोटे, जतिंदर सिंह महमी, कुलवंत सिंह महमी, पीए महेश कुमार, पराग बत्ता, मनू मनोचा, के साथ साथ बडी संख्या में आप कार्यकर्ता ओर इलाकावासी मौजूद रहे।


# स्टिंग आप्रेशन

STING OPERATION
(Newspaper & Web Channel)

के लिए समूह भारत में जिला इंचार्ज, पत्रकारों एवं विज्ञापन एजैंट्स की जरूरत है।

सम्पर्क करें

90416-59160
stingnews24@gmail.com


### ਹਲਕਾ ਖਡੂਰ ਸਾਹਿਬ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ

# ਕੁਲਬੀਰ ਸਿੰਘ ਜੀਰਾ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਜੀ ਵਿਖੇ ਹੋਏ ਨਤਮਸਤਕ

**ਕਾਂਗਰਸੀ ਉਮੀਦਵਾਰ ਕੁਲਬੀਰ ਸਿੰਘ ਜੀਰਾ ਨੇ ਉਤਸ਼ਾਹ ਨਾਲ ਪੁੱਜੇ ਵਰਕਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਹਲਕੇ ਨੂੰ ਵਿਕਾਸ ਪੱਖੋਂ ਨੰਬਰ ਇੱਕ ਹਲਕਾ ਬਣਾਉਣ ਤੋਂ ਇਲਾਵਾ ਕਿਸਾਨਾਂ ਮਜ਼ਦੂਰਾਂ ਸਮੇਤ.....**





ਸਰਾਏ ਅਮਾਨਤ ਖਾਂ 1 ਮਈ (ਗੁਰਬੀਰ ਸਿੰਘ ਗੰਡੀਵਿੰਡ) – ਹਲਕਾ ਖਡੂਰ ਸਾਹਿਬ ਤੋਂ ਕਾਂਗਰਸ ਪਾਰਟੀ ਦੀ ਟਿਕਟ ਮਿਲਣ ਤੇ ਬੁਧਵਾਰ ਕੁਲਬੀਰ ਸਿੰਘ ਜ਼ੀਰਾ ਵਾਹਿਗੁਰੂ ਦਾ ਸ਼ੁਕਰਾਨਾ ਕਰਨ ਲਈ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਜੀ ਵਿਖੇ ਨਤਮਸਤਕ ਹੋਣ ਲਈ ਪੁੱਜੇ ਝਬਾਲ ਵਿਖੇ ਪੁੱਜਣ ਤੇ ਹਲਕੇ ਦੇ ਕਾਂਗਰਸੀ ਆਗੂਆਂ ਤੇ ਵਰਕਰਾਂ ਵੱਲੋਂ ਵੱਡੀ ਗਿਣਤੀ ਚ ਕ ਸ਼ਾਨਦਾਰ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਕਰਨਬੀਰ ਸਿੰਘ ਕਰਨ ਬੁਰਜ, ਚੇਅਰਮੈਨ ਰਣਜੀਤ ਸਿੰਘ ਰਾਣਾ ਗੰਡੀਵਿੰਡ, ਚੇਅਰਮੈਨ ਰਮਨ ਕੁਮਾਰ, ਮਨਿੰਦਰਪਾਲ ਸਿੰਘ ਪਲਾਸੌਰ ਅਤੇ ਕੁਲਬੀਰ ਸਿੰਘ ਜੀਰਾ ਨੂੰ ਤਰਨਤਾਰਨ ਹਲਕੇ ਵਿੱਚ ਵੱਡੀ ਲੀਡ ਨਾਲ ਜਿਤਾਉਣ ਦਾ ਵਿਸ਼ਵਾਸ ਦਿਵਾਇਆ।ਜਦੋਂ ਕਿ ਕਾਂਗਰਸੀ ਉਮੀਦਵਾਰ ਕੁਲਬੀਰ ਸਿੰਘ ਜੀਰਾ ਨੇ ਉਤਸ਼ਾਹ ਨਾਲ ਪੁੱਜੇ ਵਰਕਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਹਲਕੇ ਨੂੰ ਵਿਕਾਸ ਪੱਖੋਂ ਨੰਬਰ ਇੱਕ ਹਲਕਾ ਬਣਾਉਣ ਤੋਂ ਇਲਾਵਾ ਕਿਸਾਨਾਂ ਮਜ਼ਦੂਰਾਂ ਸਮੇਤ ਆਮ ਲੋਕਾਂ ਦੀਆਂ ਮੁਸ਼ਕਲਾਂ ਕੇਂਦਰ ਚ ਕਾਂਗਰਸ ਦੀ ਸਰਕਾਰ ਬਣਦਿਆਂ ਹੀ ਪਹਿਲ ਦੇ ਅਧਾਰ ਨਾਲ ਹੱਲ ਕਰਾਈਆਂ ਜਾਣਗੀਆਂ। ਇਸ ਮੌਕੇ ਸੀਨੀਅਰ ਕਾਂਗਰਸੀ ਆਗੂ ਹਰਚਰਨ ਸਿੰਘ ਮੱਲਾ ਸੋਹਲ , ਪੰਜਾਬ ਕਾਂਗਰਸ ਦਾ ਮੁੱਖ ਬੁਲਾਰਾ ਐਡਵੋਕੇਟ ਜਗਮੀਤ ਸਿੰਘ ਗੰਡੀਵਿੰਡ, ਪ੍ਰਧਾਨ ਸੋਨੂੰ ਦੋਦੇ,ਅਵਤਾਰ ਸਿੰਘ ਤਨੇਜਾ, ਸਰਪੰਚ ਗੁਰਪਾਲ ਸਿੰਘ ਜਗਤਪੁਰਾ, , ਸਰਪੰਚ ਅਮਰਜੀਤ ਸਿੰਘ ਬਘੇਲ ਸਿੰਘ ਵਾਲਾ , ਸੋਨੂੰ ਝਬਾਲ, ਅਸ਼ੋਕ ਕੁਮਾਰ ਝਬਾਲ ,ਨਿੱਪੀ ਸੂਦ ਝਬਾਲ ,ਦਿਲਬਾਗ ਸਿੰਘ ਠਠਗੜ , ਸਰਪੰਚ ਸੋਨੂ ਬਰਾੜ , ਸਰਪੰਚ ਮੰਗਲ ਸਿੰਘ ਖੈਰਦੀ ,ਚਰਨਜੀਤ ਸਿੰਘ ਝਬਾਲ, ਵਿੱਕੀ ਝਬਾਲ ਖੁਰਦ ,ਮੈਂਬਰ ਹਰਪਿੰਦਰ ਸਿੰਘ ਜੇਈ,ਸੁਖਵਿੰਦਰ ਸਿੰਘ ਬਿੱਟੂ ਝਬਾਲ ,ਸੁਰਜੀਤ ਕੁਮਾਰ ਬੋਬੀ,ਡਾਇਰੈਕਟਰ ਪ੍ਰਦੀਪ ਸਿੰਘ ਉਪਲ, ਯੂਥ ਆਗੂ ਮਨਦੀਪ ਸਿੰਘ ਉੱਪਲ,ਬਲਾਕ ਸੰਮਤੀ ਮੈਂਬਰ ਫੁਲਵਿੰਦਰ ਸਿੰਘ ਟਿੱਪਾ, ਮੈਂਬਰ ਹਰਪਾਲ ਬਘਿਆੜੀ, ਬਾਬਾ ਕੁਲਦੀਪ ਸਿੰਘ ਸਰਾਂ ਅਭਿਸ਼ੇਕ ਜੋਸ਼ੀ ,ਪ੍ਰੋ ਇੰਦਰਜੀਤ ਸਿੰਘ ਕਸੇਲ, ਨਗਿੰਦਰ ਕੁਮਾਰ ਕਸੇਲ, ਮੈਂਬਰ ਨਿਰਮਲ ਸਿੰਘ ਕਸੇਲ,ਸਵਿੰਦਰ ਸਿੰਘ ਛਿੰਦਾ ਅਤੇ ਹੋਰ ਵੱਡੀ ਗਿਣਤੀ ਚ ਕਾਂਗਰਸੀ ਵਰਕਰ ਹਾਜ਼ਰ ਸਨ ।

# ਸਫਾਈ ਸੇਵਕਾਂ ਦੀ ਰਿਟਾਇਰਮੈਂਟ ਵਿਦਾਇਗੀ ਮੌਕੇ ਕੀਤਾ ਗਿਆ ਸਨਮਾਨਿਤ





ਖੰਨਾ, 1 ਮਈ (ਓਮਕਾਰ ਸਿੰਘ ਸੱਤੂ ) : ਅੱਜ ਨਗਰ ਕੌਂਸਲ ਖੰਨਾ ਦੇ ਟਾਊਨ ਹਾਲ ਵਿਖੇ ਸਫਾਈ ਸੇਵਕ ਕਰਮਚਾਰੀ ਯੂਨੀਅਨ ਦੇ ਪ੍ਰਧਾਨ ਗਰੀਬ ਦਾਸ ਦੀ ਅਗਵਾਈ ਵਿੱਚ ਦੋ ਸਫਾਈ ਸੇਵਕਾਂ ਦੀ ਰਿਟਾਇਰਮੈਂਟ ਵਿਦਾਇਗੀ ਮੌਕੇ ਸਨਮਾਨ ਕੀਤਾ ਗਿਆ ਇਸ ਮੌਕੇ ਨਗਰ ਕੌਂਸਲ ਖੰਨਾ ਦੇ ਪ੍ਰਧਾਨ ਸਰਦਾਰ ਕਮਲਜੀਤ ਸਿੰਘ ਲੱਦੜ ਕੌਂਸਲਰ ਅਰਵਿੰਦਰ ਸਿੰਘ ਬੱਬੂ ਹਰਦੀਪ ਸਿੰਘ ਨੀਨੂ ਇੰਸਪੈਕਟਰ ਸੁਜਾਤਾ ਸਿੰਘ , ਹਿੰਮਤ ਸਿੰਘ ਅਮਰਜੀਤ ਸਿੰਘ ਜਸਵੀਰ ਸਿੰਘ ਜੱਸਾ ਆਦੇ ਵੱਲੋਂ ਦੋਏ ਸਫਾਈ ਸੈਨਿਕਾਂ ਨੂੰ ਵਿਦਾਇਗੀ ਮੌਕੇ ਮੁਬਾਰਕਬਾਦ ਦਿੱਤੀ ਗਈ ਅਤੇ ਕਿਹਾ ਗਿਆ ਭਵਿੱਖ ਵਿੱਚ ਕਦੇ ਵੀ ਇਹਨਾਂ ਮੁਲਾਜ਼ਮਾਂ ਨੂੰ ਨਗਰ ਕੌਂਸਲ ਖੰਨਾ ਵਿੱਚ ਕੋਈ ਵੀ ਕੰਮ ਪੈਂਦਾ ਹੈ ਤਾਂ ਪਹਿਲ ਦੇ ਅਧਾਰ ਤੇ ਇਹਨਾਂ ਦਾ ਕੰਮ ਕਰਿਆ ਜਾਏਗਾ ਅਤੇ ਅਗਲੀ ਜ਼ਿੰਦਗੀ ਆਪਣੇ ਪਰਿਵਾਰ ਅਤੇ ਰਿਸ਼ਤੇਦਾਰਾਂ ਨਾਲ ਖੁਸ਼ੀਆਂ ਨਾਲ ਬਤੀਤ ਕਰਨ ਇਸ ਮੌਕੇ ਪ੍ਰਧਾਨ ਗਰੀਬਦਾਸ ਤੇ ਜਨਰਲ ਸਕੱਤਰ ਬਲਰਾਮ ਬਾਲੂ ਬੋਲੋ ਦੱਸਿਆ ਗਿਆ ਕਿ ਵਿਨੋਦ ਕੁਮਾਰ ਜੋ ਅੱਜ ਆਪਣੀ ਸੇਵਾ ਤੋਂ ਮੁਕਤ ਹੋ ਰਹੇ ਨੇ ਇਹਨਾਂ ਨੇ ਆਪਣੀ ਨੌਕਰੀ ਦਾ ਸਫਰ ਮਿਤੀ ਇਕ ਤਿੰਨ 1982 ਤੋਂ ਬਤੋਰੇ ਸਫਾਈ ਸੈਨਿਕ ਨਗਰ ਕੌਂਸਲ ਖੰਨਾ ਵਿੱਚ ਭਰਤੀ ਹੋਈ ਸੀ ਔਰ ਅੱਜ 42 ਸਾਲ ਬਾਅਦ ਸਰਕਾਰ ਦੇ ਰੂਲਾਂ ਹਦਾਇਤ ਦਾ ਮੁਤਾਬਕ ਸਨਿਓਰਟੀ ਵਾਈਜ਼ ਨੰਬਰਦਾਰ ਮੇਟ ਬਣ ਕੇ ਰਿਟਾਇਰ ਹੋਏ ਨੇ ਅਤੇ ਦੂਜੇ ਮੁਲਾਜ਼ਮ ਰਕੇਸ਼ ਕੁਮਾਰ ਜਿਨਾਂ ਵੱਲੋਂ ਮਿਤੀ ਸੱਤ ਜਨਵਰੀ 1983 ਨੂੰ ਆਪਣੀ ਨਗਰ ਕੌਂਸਲ ਖੰਨਾ ਵਿੱਚ ਸੇਵਾ ਸ਼ੁਰੂ ਕੀਤੀ ਸੀ ਅਤੇ ਅੱਜ 42 ਸਾਲ ਬਾਅਦ ਬਤੌਰੇ ਸਫਾਈ ਸੈਨਿਕ ਇਹ ਮੁਲਾਜ਼ਮ ਰਿਟਾਇਰ ਹੋ ਰਹੇ ਨੇ ਇਹ ਦੋਨਾਂ ਮੁਲਾਜ਼ਮਾਂ ਨੇ ਖੰਨਾ ਸ਼ਹਿਰ ਨਿਵਾਸੀਆਂ ਲਈ ਖੰਨਾ ਸ਼ਹਿਰ ਲਈ ਅਤੇ ਨਗਰ ਕੌਂਸਲ ਖੰਨਾ ਲੇ ਗਰਮੀ ਸਰਦੀ ਆਪਣੀ ਜ਼ਿੰਦਗੀ ਦੀ ਪਰਵਾਹ ਕਰਦੇ ਨਾ ਹੋਏ ਸ਼ਹਿਰ ਨੂੰ ਵਧੀਆ ਤੇ ਸੋਹਣਾ ਸਵੱਛ ਬਣਾਉਣ ਲਈ ਦਿਨ ਰਾਤ ਮਿਹਨਤ ਕੀਤੀ ਬੜੀ ਤਨਦੇਹੀ ਅਤੇ ਇਮਾਨਦਾਰੀ ਨਾਲ ਆਪਣੀ ਡਿਊਟੀ ਨਿਭਾਈ ਹਮੇਸ਼ਾ ਆਪਣੇ ਸ਼ਹਿਰ ਨਿਵਾਸੀਆਂ ਨੂੰ ਅਤੇ ਨਗਰ ਕੌਂਸਲ ਖੰਨਾ ਦੇ ਅਫਸਰਾਂ ਨੂੰ ਮੁੱਖ ਰੱਖਦੇ ਹੋਏ ਹਮੇਸ਼ਾ ਸ਼ਹਿਰ ਦੀ ਬਿਹਤਰੀ ਲਈ ਕੰਮ ਕੀਤਾ ਸਮੁੱਚੀ ਸਫਾਈ ਸੇਵਕ ਕਰਮਚਾਰੀ ਯੂਨੀਅਨ ਨੂੰ ਇਹਨਾਂ ਮੁਲਾਜ਼ਮਾਂ ਤੇ ਬਹੁਤ ਮਾਣ ਵਾਲੀ ਗੱਲ ਹੈ ਇਸ ਲਈ ਅਸੀਂ ਇਹਨਾਂ ਦੋਨਾਂ ਮੁਲਾਜ਼ਮਾਂ ਨੂੰ ਸ਼ੁਭਕਾਮਨਾਵਾਂ ਦਿੰਨੇ ਆਂ ਅਤੇ ਪਰਮਾਤਮਾ ਅੱਗੇ ਅਰਦਾਸ ਕਰਦੇ ਹਾਂ ਇਹਨਾਂ ਦੀ ਤੰਦਰੁਸਤੀ ਹਮੇਸ਼ਾ ਇਸੇ ਤਰ੍ਹਾਂ ਬਣੀ ਰਵੇ ਇਹ ਆਪਣੇ ਆਉਣ ਵਾਲੇ ਸਮੇਂ ਵਿੱਚ ਅਪਣਾ ਅਤੇ ਆਪਣੇ ਪਰਿਵਾਰ ਦੇ ਨਾਲ ਖੁਸ਼ੀਆਂ ਮਾਨਣ ਇਸ ਮੌਕੇ ਯੂਨੀਅਨ ਦੇ ਚੇਅਰਮੈਨ ਰਕੇਸ਼ ਕੁਮਾਰ ਬਾਲੂ, ਦਰਸ਼ਨ ਲਾਲ ਨੰਬਰਦਾਰ ਅਸ਼ੋਕ ਕੁਮਾਰ ਰਾਜ ਕੁਮਾਰ ਰਾਕੇਸ਼ ਕੁਮਾਰ ਮਹਾਵੀਰ ਸਿੰਘ ਸੁਰਿੰਦਰ ਕੁਮਾਰ ਅਨਿਲ ਕੁਮਾਰ ਵੱਗਣ ਇੰਦਰਜੀਤ ਕਾਲੀ ਦੀਪਕ ਅਟਵਾਲ ਅਮਨ ਕੁਮਾਰ ਤੋ ਇਲਾਵਾ ਸਮੂਹ ਯੂਨੀਅਨ ਮੈਂਬਰ ਅਤੇ ਨਗਰ ਕੌਂਸਲ ਦਾ ਸਟਾਫ ਹਾਜ਼ਰ ਸੀ ।

# ਦੇਸ਼-ਵਿਦੇਸ਼ ’ਚ ਇੰਡੀਆਂ ਏਜੰਸੀਆਂ ਵੱਲੋਂ ਕਤਲ ਕੀਤੇ ਗਏ ਸਿੱਖਾਂ ਬਾਰੇ ਸਿਆਸੀ ਪਾਰਟੀ ਦਾ ਕੀ ਸਟੈਂਡ ਹੈ: ਮਾਨ

ਨਵੀਂ ਦਿੱਲੀ, 1 ਮਈ (ਸੁਖਰਾਜ ਸਿੰਘ): ਇਕ ਜਮਹੂਰੀਅਤ ਪਸ਼ੰਦ ਤੇ ਵਿਧਾਨਿਕ ਪ੍ਰਕਿਰਿਆ ਹੇਠ ਚੱਲ ਰਹੇ ਇੰਡੀਆਂ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਪ੍ਰਤੱਖ ਰੂਪ ▼ਚ ਅੱਜ ਜਦੋਂ ਇਹ ਕਹਿ ਰਹੇ ਹਨ ਕਿ ਅਸੀਂ ਬਾਹਰਲੇ ਮੁਲਕਾਂ ▼ਚ ਆਜਾਦੀ ਚਾਹੁੰਣ ਵਾਲੇ ਸਿੱਖਾਂ ਨੂੰ ਉਨ੍ਹਾਂ ਦੇ ਘਰ ▼ਚ ਘੁਸਕੇ ਮਾਰਾਂਗੇ, ਤਾਂ ਉਨ੍ਹਾਂ ਨੇ ਇਹ ਗੱਲ ਕੌਮਾਂਤਰੀ ਪੱਧਰ ਤੇ ਪ੍ਰਵਾਨ ਕਰ ਲਈ ਹੈ ਕਿ ਜੋ ਬੀਤੇ ਸਮੇਂ ਵਿਚ ਕੈਨੇਡਾ ਦੇ ਹਰਦੀਪ ਸਿੰਘ ਨਿੱਝਰ, ਰਿਪੁਦਮਨ ਸਿੰਘ ਮਲਿਕ, ਸੁਖਦੂਲ ਸਿੰਘ, ਬਰਤਾਨੀਆ ਵਿਚ ਅਵਤਾਰ ਸਿੰਘ ਖੰਡਾ, ਪਾਕਿਸਤਾਨ ਵਿਚ ਪਰਮਜੀਤ ਸਿੰਘ ਪੰਜਵੜ ਅਤੇ ਲਖਬੀਰ ਸਿੰਘ ਰੋਡੇ, ਹਰਿਆਣਾ ਵਿਚ ਦੀਪ ਸਿੰਘ ਸਿੱਧੂ ਅਤੇ ਪੰਜਾਬ ਵਿਚ ਸੁਭਦੀਪ ਸਿੰਘ ਸਿੱਧੂ ਮੂਸੇਵਾਲਾ ਨੂੰ ਆਪਣੀਆਂ ਏਜੰਸੀਆ ਆਈ.ਬੀ, ਰਾਅ, ਮਿਲਟਰੀ ਇੰਨਟੈਲੀਜੈਂਸ, ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਵੱਲੋ ਰਚੀਆ ਸਾਂਝੀਆ ਸਾਜਿਸਾਂ ਰਾਹੀ ਮਰਵਾਇਆ ਹੈ ਤੇ ਹੁਣ ਇਸ ਗੈਰ ਵਿਧਾਨਿਕ ਤੇ ਗੈਰ ਇਨਸਾਨੀਅਤ ਹੋ ਰਹੇ ਮਨੁੱਖੀ ਅਧਿਕਾਰਾਂ ਦੇ ਕਤਲ ਦੇ ਦੁੱਖਦਾਇਕ ਵਰਤਾਰੇ ਉਤੇ ਸਮੁੱਚੇ ਪੰਜਾਬੀ ਅਤੇ ਘੱਟ ਗਿਣਤੀ ਕੌਮਾਂ ਕਾਂਗਰਸ ਜਮਾਤ, ਆਮ ਆਦਮੀ ਪਾਰਟੀ, ਸੀ.ਪੀ.ਆਈ, ਸੀ.ਪੀ.ਐਸ, ਬਾਦਲ ਦਲ ਆਦਿ ਨੂੰ ਜਨਤਕ ਤੌਰ ਤੇ ਪੁੱਛਣਾ ਚਾਹਵਾਂਗੇ ਕਿ ਇਸ ਅਤਿ ਗੰਭੀਰ ਮੁੱਦੇ ਉਤੇ ਇਨ੍ਹਾਂ ਪਾਰਟੀਆਂ ਦਾ ਕੀ ਸਟੈਂਡ ਹੈ ਅਤੇ ਇਸ ਪ੍ਰਤੀ ਉਹ ਕੀ ਸੋਚ ਰੱਖਦੇ ਹਨ, ਕਿਉਂਕਿ ਸਿੱਖਾਂ ਨੂੰ ਬਾਹਰਲੇ ਮੁਲਕਾਂ ਵਿਚ ਅਤੇ ਇਥੇ ਕਤਲ ਕਰਨ ਉਤੇ ਹਕੂਮਤ ਦੇ ਇਸ ਗੈਰ ਇਨਸਾਨੀਅਤ ਅਮਲ ਵਿਰੁੱਧ ਅਜੇ ਤੱਕ ਕਾਂਗਰਸ, ਆਮ ਆਦਮੀ ਪਾਰਟੀ ਅਤੇ ਹੋਰਨਾਂ ਦੀ ਜੁਬਾਨ ਵਿਚੋ ਕੁਝ ਨਹੀ ਨਿਕਲਿਆ। ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਐਮ.ਪੀ ਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਇੰਡੀਆਂ ਦੇ ਵਜੀਰ-ਏ-ਆਜਮ ਸ੍ਰੀ ਮੋਦੀ ਵੱਲੋ ਅੱਜ ਆਏ ਤਾਜਾ ਬਿਆਨ ਕਿ ਉਹ ਆਪਣੀ ਆਜਾਦੀ ਚਾਹੁੰਣ ਵਾਲੇ ਅਤੇ ਆਪਣੇ ਨਾਲ ਹੋ ਰਹੇ ਹਕੂਮਤੀ ਜ਼ਬਰ ਜੁਲਮ ਅਤੇ ਬੇਇਨਸਾਫ਼ੀਆਂ ਵਿਰੁੱਧ ਆਵਾਜ ਉਠਾਉਣ ਵਾਲੇ ਭਾਵੇ ਉਹ ਕਿਸੇ ਵੀ ਮੁਲਕ ਵਿਚ ਕਿਉਂ ਨਾ ਰਹਿੰਦੇ ਹੋਣ, ਉਨ੍ਹਾਂ ਨੂੰ ਮੰਦਭਾਵਨਾ ਅਧੀਨ



ਅੱਤਵਾਦੀ, ਵੱਖਵਾਦੀ, ਸਰਾਰਤੀ ਅਨਸਰ, ਗਰਮਦਲੀਏ ਆਦਿ ਨਾਮ ਦੇ ਕੇ ਉਨ੍ਹਾਂ ਦੇ ਘਰਾਂ ਵਿਚ ਘੁਸਕੇ ਮਾਰਨ ਦੇ ਪ੍ਰਗਟਾਏ ਮਨੁੱਖਤਾ ਵਿਰੋਧੀ ਵਿਚਾਰਾਂ ਉਤੇ ਦੂਸਰੀਆਂ ਸਿਆਸੀ ਪਾਰਟੀਆਂ ਕਾਂਗਰਸ, ਆਮ ਆਦਮੀ ਪਾਰਟੀ, ਬਾਦਲ ਦਲੀਆ ਆਦਿ ਨੂੰ ਇਸ ਗੰਭੀਰ ਵਿਸੇ ਉਤੇ ਉਨ੍ਹਾਂ ਦੀ ਸੋਚ ਦੀ ਜਾਣਕਾਰੀ ਪ੍ਰਾਪਤ ਕਰਨ ਹਿੱਤ ਜਨਤਾ ਦੀ ਕਚਹਿਰੀ ਵਿਚ ਖੜ੍ਹਾ ਕਰਦੇ ਹੋਏ ਪ੍ਰਗਟ ਕੀਤੇ । ਉਨ੍ਹਾਂ ਕਿਹਾ ਕਿ ਜਦੋ ਕੌਮਾਂਤਰੀ ਅਤੇ ਇੰਡੀਆਂ ਦੇ ਕਾਨੂੰਨ ਕਿਸੇ ਵੀ ਨਾਗਰਿਕ ਨੂੰ ਗੈਰ ਕਾਨੂੰਨੀ, ਗੈਰ ਸਮਾਜਿਕ, ਗੈਰ ਇਖਲਾਕੀ ਢੰਗ ਨਾਲ ਸਰੀਰਕ ਤੌਰ ▼ਤੇ ਖਤਮ ਕਰਨ ਦੀ ਇਜਾਜਤ ਬਿਲਕੁਲ ਨਹੀ ਦਿੰਦੇ ਅਤੇ ਇਥੋ ਦੇ ਇੰਡੀਅਨ ਕਾਨੂੰਨ ਵੀ ਅਜਿਹਾ ਅਮਲ ਕਰਨ ਦੀ ਇਜਾਜਤ ਨਹੀ ਦਿੰਦੇ, ਫਿਰ ਸ੍ਰੀ ਮੋਦੀ ਉਨ੍ਹਾਂ ਕੌਮਾਂਤਰੀ ਤੇ ਆਪਣੇ ਮੁਲਕ ਦੇ ਕਾਨੂੰਨਾਂ ਦੀ ਕੀ ਉਲੰਘਣਾ ਨਹੀ ਕਰ ਰਹੇ ? ਕੌਮਾਂਤਰੀ ਅਤੇ ਇਥੋ ਦੇ ਕਾਨੂੰਨਾਂ ਦੀ ਜਾਣਕਾਰੀ ਇਥੋ ਦੇ ਨਿਵਾਸੀਆਂ ਨੂੰ ਨਿਮਨ ਦਿੱਤੀ ਜਾ ਰਹੀ ਹੈ ਉਨ੍ਹਾਂ ਕਿਹਾ ਕਿ ਜਿਵੇਂ ਹਰ ਰਾਤ ਤੋਂ ਬਾਅਦ ਦਿਨ ਚੜ੍ਹਨ ਦੀ ਸੱਚਾਈ ਹੈ, ਉਸੇ ਤਰ੍ਹਾਂ ਸ੍ਰੀ ਮੋਦੀ ਦੇ ਆਏ ਅੱਜ ਦੇ ਬਿਆਨ ਤੋ ਇਹ ਪ੍ਰਤੱਖ ਹੋ ਗਿਆ ਹੈ ਕਿ ਹੁਕਮਰਾਨ ਆਪਣੀਆ ਏਜੰਸੀਆਂ ਦੀ ਦੁਰਵਰਤੋਂ ਕਰਕੇ ਪੰਜਾਬੀਆਂ, ਸਿੱਖ, ਮੁਸਲਮਾਨਾਂ, ਕਸਮੀਰੀਆ, ਆਦਿਵਾਸੀਆ, ਦਲਿਤਾਂ ਆਦਿ ਨੂੰ ਮਰਵਾਉਣ ਦੀਆਂ ਸਾਜਿਸਾਂ ਰਚਦੇ ਹਨ ਅਤੇ ਉਨ੍ਹਾਂ ਨੂੰ ਅਮਲੀ ਰੂਪ ਦਿੰਦੇ ਹਨ। ਇਹ ਹੋਰ ਵੀ ਦੁੱਖ ਤੇ ਅਫਸੋਸ ਵਾਲੀ ਕਾਰਵਾਈ ਹੈ ਕਿ ਅਜਿਹਾ ਮਨੁੱਖੀ ਹੱਕਾਂ ਦਾ ਉਲੰਘਣ ਕਰਨ ਦੀਆਂ ਹਕੂਮਤੀ ਕਾਰਵਾਈਆ ਕਰਕੇ ਆਪਣੀ ਪਿੱਠ ਆਪਣੇ ਆਪ ਥਪਥਪਾਉਣ ਦੀ ਵੀ ਬਜਰ ਗੁਸਤਾਖੀ ਕਰਦੇ ਆ ਰਹੇ ਹਨ।ਸ. ਮਾਨ ਨੇ ਕਿਹਾ ਕਿ ਜਦੋਂ ਕਾਂਗਰਸ, ਆਮ ਆਦਮੀ ਪਾਰਟੀ, ਬਾਦਲ ਦਲੀਏ ਤੇ ਹੋਰ ਪਾਰਟੀਆਂ ਵੱਲੋ ਪੰਜਾਬ ਨਾਲ 1947 ਤੋਂ ਲੈ ਕੇ ਅੱਜ ਤੱਕ ਹੁੰਦੀਆ ਆ ਰਹੀਆ ਬੇਇਨਸਾਫ਼ੀਆਂ ਤੇ ਵਿਤਕਰਿਆ ਨੂੰ ਹੱਲ ਨਹੀਂ ਕਰਵਾ ਸਕੇ, ਇਨ੍ਹਾਂ ਤੋਂ ਕੀ ਉਮੀਦ ਕੀਤੀ ਜਾ ਸਕਦੀ ਹੈ ਕਿ ਪੰਜਾਬ ਦੇ ਨਿਵਾਸੀਆਂ ਨੂੰ ਦਰਪੇਸ ਆ ਰਹੀਆ ਭੂਗੋਲਿਕ, ਮਾਲੀ, ਸਮਾਜਿਕ, ਇਖਲਾਕੀ ਤੇ ਧਾਰਮਿਕ ਮੁਸਕਿਲਾਂ ਨੂੰ ਇਹ ਪਾਰਟੀਆਂ ਹੱਲ ਨਹੀਂ ਕਰ ਸਕਦੀਆਂ ।






## एक नजर...



### एडवोकेट अमित असीजा 'बावा' की दलीलें सुनने के बाद

# अदालत द्वारा पंकज कुमार को 7 साल की सजा व एक लाख जुर्माना

### आत्महत्या के लिए मजबूर करने वाले पंकज कुमार को अदालत ने सुनाई सजा

अबोहर, 1 मई (विनीत मुटनेजा): जिला फाजिल्का के एडीशनल सैशन जज जपिंद्र सिंह की अदालत में 306 के आरोपी पंकज कुमार पुत्र हुक्म चंद वासी गली नं. 16 बड़ी पौड़ी नई आबादी अबोहर के वकील ने अपनी दलीलें पेश की। दूसरी ओर शिकायतकर्ता दयावंती पत्नी प्रवीण कुमार के वकील अमित असीजा उर्फ बावा ने अपनी दलीलें पेश की। अदालत ने दोनों पक्षों की दलीलें सुनने के बाद एडवोकेट अमित असीजा बावा की दलीलों को मद्देनजर रखते हुए दोस्ती का नाटक कर दोस्त को आत्महत्या के लिए मजबूर करने के आरोप में पंकज कुमार को दोषी करार देते हुए 7 वर्ष की कैद व एक लाख रूपये जुर्माने की सजा सुनाई। जानकारी अनुसार नगर थाना 2 की पुलिस ने दयावंती पत्नी प्रवीण कुमार वासी आर्य नगरी अबोहर के बयानों पर उसके पति को आत्महत्या के लिए मजबूर करने के आरोप में मुकदमा नं. 34, 10.5.21, भांदस की धारा 306 आईपीसी के तहत पंकज कुमार पुत्र हुक्म चंद वासी गली नं. 16 बड़ी पौड़ी नई आबादी अबोहर के खिलाफ मामला दर्ज किया था। अदालत ने पंकज कुमार को दोषी करार देते हुए 7 वर्ष की कैद व एक लाख रूपये जुर्माने की सजा सुनाई। पीड़ित परिवार के सदस्यों ने अपने वकील अमित असीजा की जमकर तारीफ करतें हुए बताया के कैसे व कितनी मुश्किलों को सहकर आज उन्हें आखिर इंसाफ मिला वो हमेशा अपने वकील के आभारी रहेंगे।






### सुशील सियाग ने अपने गांव की गेंहू मंडी में लंगर लगाकर मनाया मजदूर दिवस

# राष्ट्र निर्माण में सबसे अहम भूमिका निभाने वाले मजदूर वर्ग के अधिकारों की होनी चाहिए रक्षाः सुशील सियाग



अबोहर,1 मई (विनीत मुटनेजा): भारतीय जनता पार्टी के खुईआं सरवर मंडल प्रभारी तथा अग्रणी किसान-मजदूर नेता सुशील सियाग ने अपने गांव ढींगा वाली की अनाज मंडी में मजदूर भाइयों के लिए लंगर लगाकर मजदूर दिवस मनाया ।इस अवसर पर आशीष सियाग,राम चन्द्र गोदारा,प्रेम कुमार पुनिया, गौरीशंकर स्वामी,अशोक पेंटर,गोरु लिम्बा,विजय अरोड़ा तथा मंडी में आये हुए मजदूर,किसान,आढ़ती प्रतिनधि मौजूद थे ।सियाग ने अपने संबोधन में मजदूर दिवस के महत्व पर प्रकाश डालते हुए मजदूर दिवस की सभी को बधाई दी तथा मजदूरों के लिये सरकार से कई सुविधाओं की मांग की ।सियाग ने पंजाब सरकार से बुढापा पेंशन की उम्र 65 साल से घटाकर 58 साल करने की मांग की,सियाग ने तर्क देते हुए कहा कि जब सरकारी कर्मचारियों को 58 साल की आयु में रिटायरमेंट देकर पेंशन दी जाती है तो मजदूरों की पैंशन की आयु 65 साल क्यों ?सियाग ने मजदूर की असमय मौत पर 500000 रुपए तक का मजदूर परिवार को परिवार-यापन मुआवजा देने की व्यवस्था करने की मांग की ।सियाग ने एस.सी,बी.सी. सर्टिफिकेट की 3 वर्ष की वैधता की शर्त समाप्त करने की मांग की ताकि प्रत्येक तीन वर्ष बाद एस.सी.,बी,सी. भाईचारे के लोगों को दफ्तरों के चक्कर न लगाने पड़े ।लेबर कॉपी बनाने की प्रक्रिया आसान की जाए,नरेगा की ऑनलाइन डिमांड अप्लाई की जाने की मांग की ।इस अवसर पर मंडी प्रधान रामचन्द्र गोदारा ने सियाग का समस्त मंडी की ओर से धन्यवाद दिया तथा उनके सामाजिक कार्यों की प्रशंसा की।

# पटेल कुमार घुल्ला ने अकाली दल जरनल कौंसिल का सदस्य नियुक्त किए जाने पर जताया पार्टी आलाकमान का आभार

### बोले दी हुई अहम जिम्मेवारी को पूरी कर्मठता के साथ निभाऊंगा, पार्टीबाजी से ऊपर उठकर बॉबी मान के समर्थन में आए फिरोजपुर लोकसभा क्षेत्र के निवासीः पटेल कुमार घुल्ला



अबोहर, 1 मई (विनीत मुटनेजा): कई दशकों से शिरोमणि अकाली दल(ब)के साथ जुड़े एवं पार्टी में विभिन्न पदों पर काम कर चुके कर्मठ नेता पटेल कुमार घुल्ला ने अकाली दल(ब) की स्टेट जरनल कौंसिल का सदस्य नियुक्त किये जाने पर पार्टी हाईकमान का आभार व्यक्त किया है ।पटेल कुमार घुल्ला ने कहा कि पार्टी प्रमुख स.सुखबीर सिंह बादल ने उन्हें जो अहम जिम्मेवारी सौंपी है उसे वे पूरी तनदेही के साथ निभाएंगे,उन्होंने हल्का इंचार्ज हरबिंदर सिंह हैरी का भी धन्यवाद किया जिन्होंने उनके नाम की रिकमेंडेशन आलाकमान को भेजी। फिरोजपुर लोकसभा क्षेत्र की चुनावी स्तिथी के बारे में चर्चा करते हुए पटेल कुमार घुल्ला ने कहा कि यहाँ से पार्टी उम्मीदवार नरदेव सिंह बॉबी मान की ऐतिहासिक जीत निश्चित है ।पटेल कुमार ने कहा कि लोग जिस तरहं से पार्टीबाजी से ऊपर उठकर बॉबी मान का समर्थन कर रहे हैं वो अदभुत है और यह दिखाता है कि दिवंगत स.जोरा सिंह मान जो कि 3 बार सांसद रहे उन्होंने व उनके परिवार ने बिना किसी भेदभाव लोगों के काम करवाये हैं,जिसका फल आज हर वर्ग के अभूतपूर्व समर्थन के रूप में हासिल हो रहा है ।लेकिन इसका मतलब यह नही है कि हमारी मेहनत में अब कोई कमी आएगी हम बॉबी मान की जीत का मार्जन बढ़ाने में दिन रात एक कर देंगे ।पटेल कुमार घुल्ला ने कहा कि नरदेव सिंह बॉबी मान की बेहद मजबूत पोजिशन का अंदाजा इस बात से भी लगाया जा सकता है कि कांग्रेस व भाजपा 30 अप्रैल तक तो उनके खिलाफ उम्मीदवार तक तय नही कर पाई थी ।पटेल कुमार घुल्ला ने समस्त पंजाब निवासियों से यह अपील की है कि वे अपने अपने क्षेत्र में पंजाब की अपनी पार्टी अकाली दल(ब)जिसमे पंजाब की मिट्टी की खुशबू है अपनेपन का रिश्ता है उसके उम्मीदवारों को ज्यादा से ज्यादा वोट देकर जिताएं ताकि पंजाब को पुनः तरक्की व खुशहाली की राह पर लाया जा सके।

# एंजल्स वर्ल्ड प्ले वे कान्वैंट स्कूल में धूमधाम से किया बच्चों का बर्थडे सैलीब्रेशन

### बच्चों ने केक काटकर मनाया जन्मदिन व खूब की मस्ती

अबोहर, 1 मई (विनीत मुटनेजा): जन्मदिन एक ऐसा विशेष अवसर है जिसका सभी को पूरा वर्ष बेसब्री से इंतजार रहता है। सभी इस दिन को खास ढंग से मनाते हैं। ऐंजल्स वर्ल्ड प्ले वे कान्वैंट स्कूल में आज बच्चों का सामूहिक जन्मदिन मनाया गया। इस दौरान कक्षा को रंग-बिरंगे गुब्बारों आदि से अत्यंत सुंदर ढंग से सजाया गया, जिसे देखकर बच्चों ने अपनी प्रसन्नता व्यक्त की। अप्रैल माह में जिन बच्चों का जन्मदिन आता है, ने मिलकर केक काटा व गुब्बारों संग खेलकर खूब आनंद उठाया। स्कूल डायरेक्टर स. सर्बजीत पोपली ने कहा कि इस तरह सामूहिक रूप से जन्मदिन मनाने का उद्देश्य बच्चों में एक-दूसरे के प्रति स्नेह संबंधों को प्रगाढ़ करना है। मिलजुल कर कार्य करने व पर्व मनाने से बचपन से ही बच्चों में सहयोग की भावना का विकास होता है। इस तरह के कार्यक्रमों से बच्चे आदर एवं सम्मान देना सीखते हैं।

